
ਦੂਧੀਆਂ
ਨਿਰੀਰ
ਫਾਂਸੀਆਂ
ਫਰੀਟਾਂ
ਪ੍ਰੀਤ ਸਿੰਘ ਭੱਟੀ
www.punjabilibrary.com

# ਦੂਧੀਆ ਸਰੀਰ ਕਾਲੀਆਂ ਝਰੀਟਾਂ

ਉਸਦੇ ਹੱਥ ਉੱਪਰ ਇੱਕ ਦਾਗ ਸੀ। ਦਾਗ ਹੌਲੀ-ਹੌਲੀ ਉਭਰਨ ਲੱਗਾ। ਜਿਵੇਂ ਕੋਈ ਚੀਜ਼ ਇਸ 'ਚੋਂ ਬਾਹਰ ਨਿਕਲਣ ਦੀ ਜੱਦੋ-ਜ਼ਹਿਤ ਕਰ ਰਹੀ ਹੋਵੇ। ਦਾਗ ਇੱਕ ਜਖਮ ਜਾਪਣ ਲੱਗ ਪਿਆ। ਦੇਖਦੇ ਹੀ ਦੇਖਦੇ, ਜੋ ਦਾਗ ਜਖਮ ਜਾਪ ਰਿਹਾ ਸੀ, ਉਸ 'ਚੋਂ ਇੱਕ ਗੂੜ੍ਹੇ ਕਾਲੇ ਰੰਗ ਦਾ ਨਹੁੰ ਸਰ-ਸਰ ਕਰਦਾ ਬਾਹਰ ਆ ਗਿਆ। ਨਹੁੰ ਦੇ ਬਣੇ ਇਸ ਜਖਮ ਕਾਰਨ ਜੋ ਦਰਦ ਉਸ ਨੂੰ ਅਨੁਭਵ ਹੋਇਆ, ਉਸਨੇ ਉਸਨੂੰ ਬਰਦਾਸ਼ਤ ਕਰਨ ਲਈ ਚੀਖਣ ਦੀ ਕੋਸ਼ਿਸ਼ ਕੀਤੀ। ਪਰ ਉਸਦੀ ਆਵਾਜ਼, ਆਵਾਜ਼ ਵਿੱਚ ਹੀ ਫਸ ਗਈ। ਉਹ ਨਹੁੰ, ਲੰਮੀਆਂ-ਲੰਮੀਆਂ ਉਂਗਲੀਆਂ, ਸਭ ਖੂਨ ਨਾਲ ਭਿੱਜੇ ਪਏ ਸਨ। ਦੇਖਦੇ ਹੀ ਦੇਖਦੇ ਦੁਸ਼ਟ ਨਜ਼ਰਾਂ ਵਿੱਚ ਆ ਗਿਆ। ਉਹ ਉਸਦੇ ਕੋਮਲ ਹੱਥਾਂ ਨੂੰ ਆਪਣੇ ਸਖਤ ਤੇ ਡਰਾਵਨੇ ਹੱਥਾਂ ਨਾਲ ਕੁਚਲਣ ਲੱਗਾ। ਉਸਦੇ ਚੀਖਣ ਦੀ ਕੋਸ਼ਿਸ਼ ਵਿੱਚ ਇੱਕ ਦਮ ਉਸਦੀ ਜਾਗ ਖੁੱਲ ਗਈ। ਮਨ ਨੂੰ ਤਸੱਲੀ ਦਿੰਦੀ ਆਖਦੀ ਹੈ, ਸ਼ੁਕਰ ਹੈ ਇਹ ਸੁਪਨਾ ਸੀ।

ਆਪਣੇ ਮਨ ਨੂੰ ਤਰੋ-ਤਾਜ਼ਾ ਕਰਨ ਲਈ, ਉਹ ਮੰਜੇ ਤੋਂ ਉੱਠ ਆਪਣਾ ਮੂੰਹ ਧੋਣ ਲਈ ਗਈ, ਤੇ ਸ਼ੀਸੇ ਵਿੱਚ ਆਪਣੇ ਪ੍ਰਤੀਬਿੰਬ ਨੂੰ ਵੇਖਣ ਲੱਗੀ। ਰਾਤ ਸੀ, ਘੱਟ ਬੱਤੀ ਵਾਲਾ ਬਲਬ ਜਗ ਰਿਹਾ ਸੀ। ਪੂਰੀ ਤਰ੍ਹਾਂ ਕੁਝ ਵੀ ਨਜ਼ਰ ਨਹੀਂ ਸੀ ਆਉਂਦਾ। ਹਨੇਰੇ ਵਿੱਚ ਜਦੋਂ ਉਸ ਨੇ ਸ਼ੀਸ਼ੇ ਤੇ ਆਪਣਾ ਧਿਆਨ ਕੇਂਦ੍ਰਿਤ ਕਰਨ ਦੀ ਪੂਰੀ ਕੋਸ਼ਿਸ਼ ਕੀਤੀ ਤਾਂ ਦੇਖਿਆ ਕਿ ਪ੍ਰਤੀਬਿੰਬ ਸਥਿਰ ਨਹੀਂ ਸੀ। ਇਹ ਚੱਲ ਰਿਹਾ ਸੀ ਤੇ ਅਚਾਨਕ ਹੀ ਪਿੱਛੋਂ ਦੀ ਇੱਕ ਪਰਛਾਵਾਂ ਲੰਘਿਆ। ਉਸਨੇ ਘਬਰਾਹਟ ਵਿੱਚ ਪਿੱਛੇ ਨੂੰ ਮੁੜ ਦੇਖਿਆ ਤਾਂ ਪਿੱਛੇ ਕੁਝ ਨਹੀਂ ਸੀ। ਫਿਰ ਉਸਨੂੰ ਅਹਿਸਾਸ ਹੋਇਆ ਕਿ ਇਹ ਉਸਦੇ ਸੁਪਨੇ ਕਾਰਨ ਮਨ ਦਾ ਵਹਿਮ ਹੈ ਤੇ ਇਹ ਬਸ ਸ਼ੀਸ਼ੇ ਵਿੱਚ ਚੱਲ ਰਿਹਾ ਹੈ ਜਾਂ ਉਸਦੀ ਅੱਖ ਅਜੇ ਤੱਕ ਪੂਰੀ ਤਰ੍ਹਾਂ ਨਹੀਂ ਖੁੱਲ੍ਹੀ।

ਪਰ ਸ਼ੀਸ਼ੇ ਵਿੱਚ ਅਜ਼ੀਬੋ ਗਰੀਬ ਢੰਗ ਨਾਲ ਚੀਜ਼ਾਂ ਘੱਟ ਰਹੀਆਂ ਸਨ। ਅਚਾਨਕ ਉਸ ਨੇ ਆਪਣੇ ਪਿੱਛੇ ਕੁਝ ਮਰਦ ਖੜੇ ਨਜ਼ਰ ਆਉਣ ਲੱਗੇ ਜੋ ਉਸ ਵੱਲ ਕਦਮ ਵਧਾ ਰਹੇ ਸਨ। ਫਿਰ ਤੋਂ ਉਸਨੇ ਪਿੱਛੇ ਮੁੜ ਦੇਖਿਆ ਤਾਂ ਕੁਝ ਨਹੀਂ ਸੀ। ਸ਼ੀਸ਼ੇ ਵਿੱਚਲੀਆਂ ਚੀਜ਼ਾਂ ਅਕਸਰ ਬਾਹਰੀ ਦੁਨੀਆਂ ਨਾਲ ਮਿਲਦੀਆਂ ਜੁਲਦੀਆਂ ਹੁੰਦੀਆਂ ਹਨ। ਪਰ ਉਸ ਨੂੰ ਪਤਾ ਨਹੀਂ ਸੀ ਕਿ ਕੀ ਚੱਲ ਰਿਹਾ ਇਹ ਅਸਲ ਹੈ ਹਾਂ ਫਿਰ ਝੂਠ। ਉਸਨੇ ਮੂੰਹ ਉੱਤੇ ਪਾਣੀ ਮਾਰਿਆ ਤੇ ਫਿਰ ਤੋਂ ਸ਼ੀਸ਼ਾ ਦੇਖਣ ਲੱਗੀ। ਅਚਾਨਕ ਕਾਲੀਆਂ ਪੁਤਲੀਆਂ ਚਿੱਟੀਆਂ ਹੋਣ ਲੱਗ ਪਈਆਂ। ਸਿਰਫ ਚਿੱਟੇ ਰੰਗ ਦੇ ਡੇਲੇ ਦਿਖਣ ਲੱਗੇ। ਫਿਰ ਕੋਮਲ ਹੱਥ ਵੀ ਕੁਚਲੇ ਹੋਏ ਹੱਥਾਂ ਵਿੱਚ ਪਰਿਵਰਤਿਤ ਹੋਣ ਲੱਗੇ। ਬੁੱਲਾਂ 'ਤੇ ਇੱਕ ਕੱਟਣ ਦਾ ਜਖਮ ਸੀ। ਜਿਸ 'ਚੋਂ ਵਗਦਾ ਖੂਨ ਗਰਦਨ ਵੱਲ ਵਧ ਰਿਹਾ ਸੀ। ਉਸ ਦੇ ਪਹਨੇ ਹੋਏ ਲੀੜੇ ਉਸ ਦੇ ਤਨ ਤੇ ਨਹੀਂ ਸੀ। ਉਹ ਇੱਕ ਦਮ ਖੁੱਦ ਨੂੰ ਨਗਨ ਅਵਸਥਾ ਵਿੱਚ ਦੇਖਣ ਲੱਗੀ। ਕੁਝ ਬੇ-ਰਹਿਮ ਦੰਦੀਆਂ ਨਾਲ, ਛਾਤੀ ਤੋਂ ਟੁੱਕਿਆ ਹੋਇਆ ਮਾਸ ਦਾ ਟੁੱਕੜਾ ਲਟਕ ਰਿਹਾ ਸੀ। ਸਰੀਰ ਲਹੂ-ਲੁਹਾਨ

ਜਾਪਣ ਲੱਗਾ। ਆਪਣੀ ਇਹ ਅਵਸਥਾ ਦੇਖ ਅਚਾਨਕ ਉਸ ਨੂੰ ਉੱਲਟੀ ਆ ਗਈ। ਜਿਉਂ ਹੀ ਉਹ ਉੱਲਟੀ ਕਰਨ ਲਈ ਝੁਕੀ ਤਾਂ, ਉਸਦਾ ਧਿਆਨ ਸ਼ੀਸ਼ੀ ਵਿੱਚ ਬਣੇ ਪ੍ਰਤੀਬੰਬ ਤੋਂ ਉੱਖੜ ਗਿਆ। ਉੱਲਟੀ ਕਰ ਮੁੜ ਓਸੇ ਸਥਿਤੀ ਵਿੱਚ ਆਈ ਤਾਂ ਖ਼ੂਨੀ ਹੱਥ ਉਸਦੀ ਗਰਦਨ ਵੱਲ ਵਧਨ ਲੱਗੇ। ਜੋ ਉਸਨੂੰ ਖਿੱਚ ਕੇ ਸ਼ੀਸ਼ੇ ਵਿੱਚ ਲੈ ਗਏ। ਉਹ ਬੇਹੋਸ਼ ਹੋ ਗਈ।

ਬੜੀ ਹੀ ਅਚਨਚੇਤ ਤੇ ਡਰੀ ਹੋਈ ਮੰਜੇ ਤੋਂ ਉੱਠੀ। ਬੜੀ ਹੀ ਘਬਰਾਹਟ ਤੇ ਜ਼ੋਰ-ਜ਼ੋਰ ਨਾਲ ਸਾਹ ਲੈਣ ਲੱਗੀ। ਉਸਨੇ ਦੋਨਾਂ ਹੱਥਾਂ ਨਾਲ ਮੰਜੇ ਦੀਆਂ ਬਾਹੀਆਂ ਨੂੰ ਫੜਿਆ ਹੋਇਆ ਸੀ। ਵਾਲ ਖਿੱਲਰੇ ਪਏ ਸਨ। ਉਸਨੇ ਕੋਲ ਪਏ ਡੋਲੂ ਨੂੰ ਮੂੰਹ ਨਾਲ ਲਾਇਆ ਤੇ ਪਾਣੀ ਪੀਤਾ। ਉਸ ਨੇ ਮੁੜ ਤੋਂ ਆਸ-ਪਾਸ ਦੇਖਿਆ ਕਿਤੇ ਇਹ ਸੁਪਨਾ ਤਾਂ ਨਹੀਂ। ਪਰ ਕੋਲ ਪਏ ਆਪਣੇ ਬੱਚੇ ਨੂੰ ਦੇਖ ਉਸਨੂੰ ਪਤਾ ਲੱਗਾ ਕਿ ਹੁਣ ਉਹ ਜਾਗ ਚੁੱਕੀ ਹੈ। ਉਹ ਉੱਠੀ ਤੇ ਖੁਰੇ ਅੰਦਰ ਵੜ ਗਈ। ਜਿਸ ਵਿੱਚ ਟੁੱਟਿਆ ਹੋਇਆ ਸ਼ੀਸ਼ਾ ਲੱਗਾ ਸੀ। ਜੋ ਕਿ ਚੌਲਾਂ ਨੂੰ ਰਗੜ ਕੇ ਬਣਾਈ ਪਿੱਛ ਨਾਲ ਜੋੜਿਆ ਗਿਆ ਸੀ ਸ਼ਾਇਦ। ਉਸਨੇ ਮੂੰਹ ਧੋਂਦੇ ਸ਼ੀਸ਼ੇ ਵੱਲ ਵੇਖਿਆ। ਪਾਣੀ ਨਾਲ ਮੂੰਹ ਦੇ ਨਾਲ-ਨਾਲ ਗਰਦਨ ਤੇ ਕੁਝ ਅਗਲੇ ਪਾਸੇ ਤੋਂ ਕਮੀਜ਼ ਵੀ ਭਿੱਜ ਚੁੱਕਾ ਸੀ। ਉਸਦਾ ਧਿਆਨ ਗਰਦਨ ਵੱਲ ਪਿਆ। ਗਰਦਨ ਤੇ ਖੁਰਚਣ ਦੇ ਨਿਸ਼ਾਨ ਬਣੇ ਹੋਏ ਸਨ। ਇਹ ਸੁਪਨਾ ਤਾਂ ਨਹੀਂ ਸੀ ਲੱਗਦਾ। ਉਸਨੇ ਅਣਦੇਖਿਆ ਕਰ ਮੂੰਹ-ਹੱਥ ਧੋਤਾ ਤੇ ਖੁਰੇ 'ਚੋਂ ਬਾਹਰ ਆ ਆਟਾ ਗੁੰਨਣ ਲੱਗੀ। ਜਿੰਨਾ ਵੀ ਆਟਾ ਸੀ ਡਰੰਮੀ ਝਾੜ ਕੱਢ ਲਿਆ। ਆਟਾ ਕੋਈ ਬਹੁਤਾ ਨਹੀਂ ਸੀ। ਇੰਝ ਲੱਗਦਾ ਸੀ ਜਿਵੇਂ ਦੋ ਤਿੰਨ ਬੰਦੇ ਹੀ ਇੱਕ ਵੇਲੇ ਢਿੱਡ ਭਰ ਸਕਣਗੇ।

ਉਸਨੇ ਆਟੇ ਵਿੱਚ ਪਾਣੀ ਪਾਇਆ ਤੇ ਗੁੰਨਣਾ ਸ਼ੁਰੂ ਕਰ ਦਿੱਤਾ। ਗਰਮੀ ਦਾ ਮੌਸਮ ਸੀ। ਆਟਾ ਗੁੰਨਦੇ ਹੀ ਮੁੜਕਾ 'ਚੋ ਰਿਹਾ ਸੀ। ਅਜੇ ਆਟਾ ਗੁੰਨਿਆ ਨਹੀਂ ਸੀ ਕਿ ਉਸਦਾ ਬੱਚਾ ਉੱਠ ਪਿਆ ਤੇ ਉੱਠਦਾ ਹੀ ਬੋਲਿਆ...

ਮੰਮੀ.... ਮੰਮੀ....

ਔਰਤ ਦਾ ਧਿਆਨ ਆਪਣੇ ਬੱਚੇ ਵੱਲ ਗਿਆ ਤੇ ਉਸਨੇ ਤ੍ਰਿਸ਼ਨਾਵਾਂ ਭਰੇ ਚਹਿਰੇ ਤੇ ਮੁਸਕਾਨ ਲਿਆ ਬੱਚੇ ਨੂੰ ਆਖਿਆ..

ਆਜੋ ਮੇਰਾ ਪੁੱਤ.. ਆਜੋ ਆਜੋ..

ਬੱਚਾ ਮੰਜੇ ਤੋਂ ਉੱਠਿਆ ਤੇ ਆਪਣੀ ਮਾਂ ਵੱਲ ਵਧਿਆ। ਮਾਂ ਨੇ ਆਟੇ ਨਾਲ ਲਿਬੜੇ ਹੱਥਾਂ ਨੂੰ ਪਰਾਤ ਵਿੱਚ ਝਾੜਿਆ ਤੇ ਪਾਣੀ ਦਾ ਗਿਲਾਸ ਭਰ ਬੱਚੇ ਨੂੰ ਦਿੱਤਾ। ਬੱਚੇ ਨੇ ਗਿਲਾਸ ਫੜਿਆ ਤੇ ਅੱਧ-ਪਚੱਦਾ ਪਾਣੀ ਪੀ

ਫਿਰ ਤੋਂ ਮਾਂ ਨੂੰ ਫੜਾ ਦਿੱਤਾ। ਮਾਂ ਨੇ ਗਿਲਾਸ ਫੜਿਆ ਤੇ ਇੱਕ ਪਾਸੇ ਰੱਖ ਫਿਰ ਤੋਂ ਆਟਾ ਗੁੰਨਣ ਲੱਗ ਪਈ। ਬੱਚਾ ਖੇਡਣ ਲੱਗਾ।

ਉਸਨੇ ਰੋਟੀਆਂ ਪਕਾਈਆਂ। ਬਸ ਬਾਰਾਂ-ਤੇਰਾਂ ਰੋਟੀਆਂ ਪੱਕੀਆਂ ਹੋਣਗੀਆਂ। ਉਸਨੇ ਰਾਤ ਦੀ ਪਈ ਸਬਜੀ ਨਾਲ ਤਿੰਨ ਕੁ ਰੋਟੀਆਂ ਖਾਧੀਆਂ ਤੇ ਆਪਣੇ ਬੱਚੇ ਨੂੰ ਇੱਕ-ਡੇਢ ਰੋਟੀ ਖਵਾਈ। ਬੱਚਾ ਫਿਰ ਤੋਂ ਖੇਡਣ ਵਿੱਚ ਰੁੱਝ ਗਿਆ। ਬਾਕੀ ਬਚੀਆਂ ਰੋਟੀਆਂ ਉਸਨੇ ਇੱਕ ਪੋਣੇ ਵਿੱਚ ਲਵੇਟ ਡੱਬੇ ਵਿੱਚ ਬੰਦ ਕਰ ਲਈਆਂ। ਫਿਰ ਕੁਝ ਲੋੜੀਦਾਂ ਸਮਾਨ ਤੇ ਲੀੜੇ-ਲੱਤੇ ਇਕੱਠੇ ਕਰ ਇੱਕ ਝੋਲੇ ਵਿੱਚ ਪਾ ਲਏ। ਰੋਟੀਆਂ ਵਾਲੇ ਡੱਬੇ ਸਮੇਤ ਅਚਾਰ ਵੀ ਰੱਖ ਲਿਆ। ਇੰਝ ਲੱਗ ਰਿਹਾ ਸੀ ਜਿਵੇਂ ਕਿਸੇ ਲੰਮੇ ਸਫ਼ਰ ਦੀ ਤਿਆਰੀ ਹੋ ਰਹੀ ਹੋਵੇ। ਬੱਚੇ ਨੂੰ ਫੜਿਆ ਤੇ ਜਬਰਦਸਤੀ ਨਵਾ ਕੇ ਸਾਫ ਸੁੱਥਰੇ ਲੀੜੇ ਪਾ ਦਿੱਤੇ। ਬੱਚਾ ਫਿਰ ਤੋਂ ਖੇਡਣ ਲੱਗ ਪਿਆ। ਫਿਰ ਆਪ ਨਹਾ ਧੋ ਲੀੜੇ ਬਦਲੇ ਤੇ ਵਾਲ ਸਵਾਰਨ ਲੱਗੀ। ਅਚਾਨਕ ਫੋਨ ਦੀ ਘੰਟੀ ਵੱਜੀ।

ਔਰਤ ਨੇ ਫੋਨ ਚੁੱਕਿਆ ਤੇ ਅੱਗਿਓ ਦੂਸਰੀ ਔਰਤ ਬੋਲੀ..

ਹਾਂ ਮਨਦੀਪ ਹੋ ਗਈ ਤਿਆਰੀ?

ਜੋ ਔਰਤ ਕਿਸੇ ਸਫ਼ਰ ਦੀ ਤਿਆਰੀ ਕਰ ਰਹੀ ਸੀ। ਉਸਦਾ ਨਾਮ ਮਨਦੀਪ ਸੀ। ਦੂਸਰੀ ਔਰਤ ਨੇ ਤਾਂ ਉਸ ਨੂੰ ਇਹੀ ਆਖ ਸੰਬੋਧਨ ਕੀਤਾ ਸੀ। ਮਨਦੀਪ ਬੋਲੀ..

ਹਾਂ ਬਸ ਵਾਲ ਵਾਹ ਰਹੀ ਹਾਂ।

ਫੋਨ ਵਾਲੀ ਔਰਤ ਬੋਲੀ..

ਰੋਟੀ ਪਾਣੀ ਨਾਲ ਬੰਨ੍ਹ ਲੈਣਾ ਸੀ, ਜਿਨਾ ਵੀ ਹੋ ਸਕੇ।

ਮਨਦੀਪ ਬੋਲੀ..

ਹਾਂ ਬੰਨ੍ਹ ਲਿਆ ਵਾ। ਦੋ ਕੁ ਵੇਲੇ ਦਾ ਹੈ। ਬਾਕੀ ਰਸਤੇ 'ਚੋਂ ਦੇਖਾਂਗੀ। ਅਗਰ ਕੁਝ ਖਾਣ ਨੂੰ ਮਿਲਿਆ ਤਾਂ ਲੈ ਲਵਾਂਗੀ।

ਫੋਨ ਵਾਲੀ ਔਰਤ ਬੋਲੀ..

ਹਾਂ, ਦੇਖ ਲੀ। ਉਂਝ ਤਾਂ ਲਗਭਗ ਸਭ ਕੁਝ ਬੰਦ ਆ। ਫਿਰ ਵੀ ਅਗਰ ਕਿਤੋਂ ਕੁਝ ਖਾਣ-ਪੀਣ ਨੂੰ ਮਿਲਿਆ ਤਾਂ ਨਾਂਹ ਨਾ ਕਰੀ।

ਮਨਦੀਪ ਬੋਲੀ..

ਹਾਂ, ਠੀਕ ਆ।

ਫੋਨ ਵਾਲੀ ਔਰਤ ਬੋਲੀ..

ਪੈਸੇ ਕਿੰਨੁ ਕੁ ਨੇ ਕੋਲ ਤੇਰੇ?

ਮਨਦੀਪ ਬੋਲੀ..

ਹੈਗੇ ਦੋ ਢਾਈ ਹਜਾਰ।

ਫੋਨ ਵਾਲੀ ਔਰਤ ਬੋਲੀ..

ਠੀਕ ਆ ਚੱਲ। ਕੋਈ ਨੀ। ਜੇ ਕਿਤੇ ਏਧਰ ਨੂੰ ਆਉਂਦਾ ਕੁਝ ਮਿਲੇ ਤਾਂ ਜਿੰਨਾਂ ਵੀ ਪੈਂਡਾ ਨਿਕਲੇ ਕੱਢ ਲਵੀਂ। ਐਵੇਂ ਡਰਦੀ ਨਾ ਰਹੀਂ।

ਮਨਦੀਪ ਬੋਲੀ..

ਹਾਂ ਠੀਕ ਆ ਬਾਬਾ।

ਫੋਨ ਵਾਲੀ ਔਰਤ..

ਚੱਲ ਆਜਾ ਫਿਰ ਛੇਤੀ, ਮੈਂ ਉਡੀਕ ਕਰ ਰਹੀ ਹਾਂ। ਵਾਹਿਗੁਰੂ ਤੈਨੂੰ ਸਹੀ ਸਲਾਮਤ ਤੇ ਜਲਦੀ ਤੋਂ ਜਲਦੀ ਮੇਰੇ ਕੋਲ ਪਹੁੰਚਾ ਦੇਵੇ।

ਮਨਦੀਪ ਬੋਲੀ..

ਚੱਲ ਮੈਂ ਰੱਖਦੀ ਆ। ਫਿਰ ਫੋਨ ਕਰਾਂਗੀ।

ਏਨਾ ਆਖ ਮਨਦੀਪ ਨੇ ਫੋਨ ਬੰਦ ਕਰ ਦਿੱਤਾ ਤੇ ਮੁੜ ਤੋਂ ਵਾਲ ਸੁਆਰਨ ਲੱਗੀ। ਸਿਰ ਵਾਹ ਆਪਣੇ ਬੱਚੇ ਨੂੰ ਪੈਰੀਂ ਜੁੱਤੀ ਪੁਆਈ ਤੇ ਆਪ ਵੀ ਪੂਰੀ ਤਰ੍ਹਾਂ ਸਫ਼ਰ ਲਈ ਤਿਆਰ ਹੋ ਗਈ ਹੋਰ ਲੋੜਵੰਦ ਸਮਾਨ ਝੋਲੇ ਵਿੱਚ ਪਾ ਲਿਆ। ਫਿਰ ਝੋਲੇ ਤੇ ਬੱਚੇ ਨੂੰ ਚੁੱਕ ਕਮਰੇ 'ਚੋਂ ਬਾਹਰ ਆ ਕਮਰੇ ਦੀਆਂ ਚਾਬੀਆਂ ਮਕਾਨ ਮਾਲਕ ਨੂੰ ਫੜਾ ਦਿੱਤੀਆਂ। ਹੱਥ ਜੋੜ ਸਤਿ ਸ੍ਰੀ ਅਕਾਲ ਬੁਲਾਈ ਤੇ ਆਪ ਲੰਮੇ ਸਫ਼ਰ ਲਈ ਚੱਲ ਪਈ। ਸਵੇਰ ਦਾ ਵੇਲਾ ਸੀ। ਸਮਾਂ ਅੱਠ-ਸਾਢੇ ਅੱਠ ਦਾ ਹੋਵੇਗਾ।

ਬਾਹਰ ਆਈ ਤਾਂ ਦੇਖਿਆ ਕਿਤੇ ਚਿੜੀ ਫੁੜਕਦੀ ਨਜ਼ਰ ਨਹੀਂ ਸੀ ਆ ਰਹੀ। ਇਹ ਕੀ ਭਾਣਾ ਵਰਤ ਰਿਹਾ ਸੀ। ਜਿਸ ਸ਼ਹਿਰ ਦੀਆਂ ਸੜਕਾਂ ਵਿੱਚ ਕਦੇ ਰਾਤ ਦਿਨ ਦੀ ਵਿੱਥ ਨਹੀਂ ਸੀ ਕੀਤੀ ਜਾ ਸਕਦੀ, ਅੱਜ ਉਹ ਸਭ ਸੜਕਾਂ ਸੁੰਨ-ਸਾਨ ਪਈਆਂ ਹੋਈਆਂ ਸਨ। ਕੀ ਸੀ ਅਸਲ ਵਿੱਚ ਇਹ ਭਾਣਾ। ਦਰਅਸਲ ਪੂਰੀ ਦੁਨੀਆਂ ਵਿੱਚ ਇੱਕ ਨਵੀਂ ਕਰੋਨਾ ਨਾਂ ਦੀ ਮਹਾਂਮਾਰੀ ਫੈਲੀ ਹੋਈ ਹੈ। ਜਿਸ ਦਾ ਹੁਣ ਤੱਕ ਪੂਰਨ ਤੌਰ ਤੇ ਇਲਾਜ਼ ਨਹੀਂ ਮਿਲਿਆ। ਮਹਾਂਮਾਰੀ ਦਾ ਪ੍ਰਭਾਵ ਪੂਰੀ ਦੁਨੀਆਂ ਉੱਪਰ ਹੈ। ਤੇ ਪੂਰੀ ਦੁਨੀਆਂ ਇਸ ਕਾਰਨ ਬੰਦ ਪਈ ਹੈ। ਕਿਤੇ ਕੋਈ ਕੰਮ ਕਾਰ ਨਹੀਂ ਸੀ ਚੱਲ ਰਿਹਾ। ਇੰਝ ਮਹਿਸੂਸ ਕੀਤਾ ਜਾ ਸਕਦਾ ਹੈ ਜਿਵੇਂ ਜਿੰਦਗੀ ਰੁਕ ਗਈ ਹੋਵੇ। ਸਰਕਾਰਾਂ ਵੱਲੋਂ ਸਖ਼ਤੀ ਵਰਤ ਦੇਸ਼ ਦੇ ਨਾਗਰਿਕਾਂ ਨੂੰ ਘਰਾਂ ਵਿੱਚ ਰਹਿਣ ਲਈ ਕਿਹਾ ਜਾ ਰਿਹਾ ਹੈ। ਪਰ ਗਰੀਬ ਜਿੰਨਾਂ ਕੋਲ ਸਿਰਫ ਇੱਕ ਦਿਨ ਲਈ ਹੀ ਭੁੱਖ ਮਿਟਾਉਣ ਲਈ ਰੋਟੀ ਨਹੀਂ ਹੁੰਦੀ, ਉਹ ਇਸ ਦਾ ਸਾਹਮਣਾ ਨਹੀਂ ਸੀ ਕਰ ਸਕਦੇ। ਖਾਸ ਕਰਕੇ ਪਰਵਾਸੀ ਲੋਕ। ਜੋ ਆਪਣੇ ਪਿੰਡ, ਸ਼ਹਿਰ, ਸੂਬੇ ਨੂੰ ਛੱਡ ਦਿੱਲੀ ਵਰਗੇ ਸ਼ਹਿਰਾਂ ਵਿੱਚ ਕਮਾਈ ਕਰਨ ਲਈ ਆਏ ਹੋਏ ਨੇ। ਦੁਨੀਆਂ ਬੰਦ ਨੂੰ ਲਗਭਗ ਡੇਢ ਮਹੀਨਾ ਹੋ ਗਿਆ ਸੀ ਤੇ ਸਰਕਾਰ ਗਰੀਬ ਜਨਤਾ ਦੀ ਮਦਦ ਕਰਨ ਦੀਆਂ ਗੱਲਾਂ ਕਰ ਤੇ ਭਾਸ਼ਣ ਦੇ ਰਹੀ ਸੀ। ਗਰੀਬ ਮਜ਼ਦੂਰ ਜਾਂ ਪਰਵਾਸੀ ਜਿੰਨਾਂ ਦਾ ਸ਼ਹਿਰਾਂ ਵਿੱਚ ਕਮਾਈ ਦਾ ਕੋਈ ਸਾਧਨ ਨਹੀਂ ਸੀ ਰਿਹਾ। ਜੋ ਇੱਕ ਸਮੇਂ ਦੀ ਰੋਟੀ ਲਈ ਵੀ ਤਰਸ ਰਹੇ ਸਨ। ਉਹ ਪੈਦਲ ਹੀ ਆਪੋ-ਆਪਣੇ ਪ੍ਰਦੇਸਾਂ ਨੂੰ ਵਾਪਸ ਪਰਤਣ ਲੱਗੇ। ਕਿਉਂਕਿ ਸਰਕਾਰਾਂ ਵੱਲੋਂ ਪੂਰਨ ਤੌਰ ਤੇ ਆਵਾਜਾਈ ਤੇ ਸਾਧਨਾਂ ਤੇ ਰੋਕ ਲਾ ਦਿੱਤੀ ਗਈ ਸੀ। ਪਰਵਾਸੀਆਂ ਨੇ ਭੁੱਖੇ ਮਰਨ ਦੀ ਥਾਂ ਪੈਦਲ ਆਪਣੇ ਘਰਾਂ ਨੂੰ ਵਾਪਿਸ ਜਾਣ ਦਾ ਰਾਹ ਚੁਣਿਆ। ਜਿੰਨਾਂ ਵਿੱਚੋਂ ਇੱਕ ਮਨਦੀਪ ਸੀ। ਮਨਦੀਪ ਨੇ ਦਿੱਲੀ ਤੋਂ ਕਪੂਰਥਲੇ ਜਾਣਾ ਸੀ। ਏਨਾ ਲੰਮਾਂ ਸਫ਼ਰ, ਉਹ ਵੀ ਪੈਦਲ ਸੁਣ ਕੇ ਹੈਰਾਨੀ ਵਾਲੀ ਗੱਲ ਹੈ। ਉਂਝ ਕਈ ਇਸਤੋਂ ਵੀ ਦੂਰ-ਦੂਰ ਵਾਲੇ ਸਨ। ਪਰ ਬਿਨਾਂ ਸਫ਼ਰ ਤੇ ਪੈਂਡੇ ਦੀ ਪਰਵਾਹ ਕੀਤੇ ਸਭ ਆਪਣੀ ਮੰਜ਼ਿਲ ਵੱਲ ਰੁਖ ਕਰ ਰਹੇ ਸਨ।

ਮਨਦੀਪ ਚੱਲ ਪਈ। ਝੋਲੀ ਜਿਹੀ ਬਣਾ ਬੱਚੇ ਨੂੰ ਲੱਕ ਨਾਲ ਬੰਨ ਲਿਆ। ਗਲ ਇੱਕ ਸੂਟ ਸੀ ਤੇ ਚੁੰਨੀ ਨਾਲ ਬੱਚੇ ਉੱਪਰੋਂ ਖੁੱਦ ਨੂੰ ਲਵੇਟਿਆ ਹੋਇਆ ਸੀ। ਇੱਕ ਹੱਥ ਪਾਣੀ ਦੀ ਬੋਤਲ ਸੀ। ਦੂਜਾ ਹੱਥ ਸਮਾਨ ਨੂੰ ਪਾਇਆ ਹੋਇਆ ਸੀ। ਰਸਤੇ ਵਿੱਚ ਥਾਂ-ਥਾਂ ਪੁਲਿਸ ਨੇ ਨਾਕਾ ਬੰਦੀ ਕੀਤੀ ਹੋਈ ਸੀ। ਮਨਦੀਪ ਬਚਦੀ-ਬਚਾਉਂਦੀ ਵਿੱਚੋਂ ਦੀ ਨਿਕਲਦੀ ਹੋਈ ਅੱਗੇ ਵਧੀ। ਕਰੀਬ ਡੇਢ ਦੋ ਘੰਟੇ ਤੁਰਨ ਪਿੱਛੋਂ ਇੱਕ ਗੱਡੀ ਆਉਂਦੀ ਨਜ਼ਰ ਆਈ। ਮਨਦੀਪ ਨੇ ਉਂਝ ਕਿਸੇ ਨੂੰ ਏਦਾਂ ਰੋਕਣ ਵਿੱਚ ਡਰਦੀ ਸੀ। ਪਰ ਸਫ਼ਰ ਨੂੰ ਛੇਤੀ ਤੇ ਸੁਖਾਲਾ ਕਰਨ ਲਈ ਉਸਨੇ ਗੱਡੀ ਨੂੰ ਹੱਥ ਦਿੱਤਾ। ਗੱਡੀ ਕੋਲੋਂ ਛੂ ਕਰਦੀ ਨਿਕਲ ਗਈ। ਉਸਨੇ ਗੱਡੀ ਰੋਕੀ ਨਾ। ਉਹ ਫਿਰ ਤੋਂ ਤੁਰਨ ਲੱਗੀ। ਦੋ ਘੰਟੇ ਲਗਾਤਾਰ ਤੁਰਨ ਪਿੱਛੋਂ ਉਹ ਥੱਕ ਗਈ ਸੀ ਤੇ ਉੱਪਰੋਂ ਗਰਮੀ ਵੀ ਲਗਾਤਾਰ ਵਧ ਰਹੀ ਸੀ। ਇੰਝ ਲੱਗਦਾ ਸੀ ਜਿਵੇਂ ਅੱਜ ਸੂਰਜ ਬਸ ਮਨਦੀਪ ਨੂੰ ਸੇਕ ਦੇਣ ਲਈ ਨਿਕਲਿਆ ਹੋਵੇ। ਉਹ ਫਿਰ ਵੀ ਤੁਰਦੀ ਗਈ। ਫਿਰ ਤੋਂ ਇੱਕ ਗੱਡੀ ਨਜ਼ਰ ਆਈ। ਉਸਨੇ ਇਸ ਵਾਰ ਹੱਥ ਨਾ ਦਿੱਤਾ। ਗੱਡੀ ਕੋਲੋਂ ਦੀ ਲੰਘ ਗਈ।

ਕਰੀਬ ਦਸ ਪੰਦਰਾਂ ਮਿੰਟ ਬਾਅਦ ਇੱਕ ਹੋਰ ਗੱਡੀ ਆਉਂਦੀ ਨਜ਼ਰ ਆਈ। ਮਨਦੀਪ ਨੇ ਦ੍ਰਿੜ ਇਰਾਦੇ ਨਾ ਗੱਡੀ ਨੂੰ ਹੱਥ ਦਿੱਤਾ ਤੇ ਗੱਡੀ ਉਸਦੇ ਕੋਲ ਆ ਰੁੱਕ ਗਈ। ਗੱਡੀ ਰੁੱਕਦੇ ਹੀ ਜਿਵੇਂ ਉਸਨੂੰ ਸੁੱਖ ਦਾ ਸਾਹ ਆਇਆ ਹੋਵੇ। ਇੱਹ ਇੱਕ ਛੋਟਾ ਹਾਥੀ ਸੀ। ਜਿਸ ਦੇ ਪਿੱਛੇ ਕੁਝ ਸਮਾਨ ਲੱਦਿਆ ਹੋਇਆ ਸੀ। ਡਰਾਇਵਰ ਨੇ ਮਨਦੀਪ ਨੂੰ ਪੁੱਛਿਆ..

ਕਹਾਂ ਜਾਣਾ ਹੈ ਬੀਬੀ ਜੀ?

ਮਨਦੀਪ ਬੋਲੀ..

ਪੰਜਾਬ।

ਡਰਾਇਵਰ ਬੋਲਿਆ..

ਲੇਕਿਨ ਹਮ ਤੋ ਪਾਨੀਪਤ ਜਾ ਰਹੇ ਹੈਂ। ਵਹਾ ਤੱਕ ਜਾਣਾ ਹੈ ਤੋ ਬੈਠ ਜਾਉ।

ਮਨਦੀਪ ਨੇ ਬਿਨਾਂ ਕੁਝ ਸੋਚੇ ਹਾਂ ਕਰ ਦਿੱਤੀ। ਤੁਰ-ਤੁਰ ਉਸਦੀ ਬਵਾਈ ਹੋ ਚੁੱਕੀ ਸੀ। ਉਹ ਚਾਹੁੰਦੀ ਸੀ ਸਫ਼ਰ ਛੇਤੀ ਤੋਂ ਛੇਤੀ ਮੁੱਕੇ। ਗੱਡੀ ਵਿੱਚ ਬੈਠਾ ਦੂਸਰਾ ਆਦਮੀ ਉੱਤਰਿਆ ਤੇ ਮਨਦੀਪ ਦਾ ਝੋਲਾ ਗੱਡੀ ਦੇ ਪਿੱਛਲੇ ਪਾਸੇ ਰੱਖ ਫਿਰ ਤੋਂ ਬੈਠ ਗਿਆ। ਮਨਦੀਪ ਨੇ ਆਪਣੇ ਬੱਚੇ ਨੂੰ ਪਿੱਛੋਂ ਖੋਲਿਆ ਤੇ ਗੋਦ ਵਿੱਚ ਲੈ ਬੈਠ ਗਈ। ਗੱਡੀ ਚੱਲ ਪਈ। ਗੱਡੀ ਵਾਲਿਆਂ ਨੇ ਮਨਦੀਪ ਨੂੰ ਖਾਣ ਪੀਣ ਬਾਰੇ ਪੁੱਛਿਆ। ਜੋ ਉਹਨਾਂ ਕੋਲ ਸੀ ਉਹਨਾਂ ਮਨਦੀਪ ਨੂੰ ਖਾਣ ਨੂੰ ਦਿੱਤਾ। ਗੱਲਾਂ-ਬਾਤਾਂ ਕਰਦੇ ਕਰੀਬ ਇੱਕ ਵਜੇ ਤੱਕ ਪਾਨੀਪਤ ਜਾ ਅੱਪੜੇ। ਉਹਨਾਂ ਮਨਦੀਪ ਨੂੰ ਮੋੜ ਉੱਤੇ ਲਾਹਿਆ ਤੇ ਆਪ ਸ਼ਹਿਰ ਦੇ ਅੰਦਰ ਵੜ ਗਏ। ਮਨਦੀਪ ਉੱਥੇ ਬੈਠੀ ਤੇ ਆਪਣੇ ਬੱਚੇ ਨੂੰ ਦੁੱਧ ਚੁੰਘਾ ਫਿਰ ਤੋਂ ਲੱਕ ਨਾਲ ਬੰਨ ਲਿਆ। ਤੁਰਨਾ ਫਿਰ ਤੋਂ ਜਾਰੀ ਹੋ ਗਿਆ। ਇੱਕ ਸਿਰ ਤੇ ਸਮਾਨ ਦਾ ਭਾਰ ਤੇ ਦੂਸਰਾ ਲੱਕ ਨਾਲ ਡੇਢ-ਦੋ ਸਾਲ ਦਾ ਬੱਚਾ। ਸਫਰ ਵਿੱਚ ਇੱਕਲਿਆਂ ਹੀ ਤੁਰਨਾ ਔਖਾ ਹੋ ਜਾਂਦਾ ਹੈ ਤੇ ਇੱਕ ਬੱਚੇ ਤੇ ਸਮਾਨ ਨੂੰ ਚੁੱਕ ਤੁਰਨਾ ਕਿੰਨਾ ਕਠਿਨ ਹੈ ਸਭ ਸਮਝਦੇ ਨੇ। ਗਰਮੀ ਕਹਿਰ ਢਾ ਰਹੀ ਸੀ। ਪਰ ਉਹ ਤੁਰਦੀ ਗਈ। ਰਸਤੇ ਸਾਹ ਲੈਣ ਲਈ ਵੀ ਰੁੱਕਦੀ। ਨਾਲ ਬੰਨੀਆਂ ਚਾਰ ਕੁ ਰੋਟੀਆਂ ਅਚਾਰ ਨਾਲ ਖਾਧੀਆਂ ਤੇ ਆਪਣੀ ਮੰਜ਼ਿਲ ਵੱਲ ਵੱਧਦੀ ਗਈ। ਉਹ ਮੁੜ-ਮੁੜ ਪਿੱਛੇ ਦੇਖਦੀ ਪਰ ਪਿੱਛੋਂ ਕੋਈ ਸਾਧਨ ਆਉਂਦਾ ਨਜ਼ਰ ਨਾ ਆਇਆ ਜੋ ਮਨਦੀਪ ਨੂੰ ਕੁਝ ਦੇਰ ਲਈ ਸਾਹ ਦਵਾ ਸਕੇ। ਬਸ ਉਹ ਤੁਰਦੀ ਗਈ। ਤੁਰ-ਤੁਰ ਹਾਲਤ ਖਰਾਬ ਹੋ ਗਈ। ਪੈਰ ਦੁਖਣ ਲੱਗ ਪਏ। ਸਰੀਰ ਟੁੱਟ ਗਿਆ ਪਰ ਉਸਦਾ ਹੌਂਸਲਾ ਨਾ ਟੁੱਟਾ। ਤੇ ਉਹ ਤੁਰਦੀ ਗਈ।

ਉਹ ਕਰਨਾਲ ਦੇ ਨੇੜੇ-ਤੇੜੇ ਜਾ ਪਹੁੰਚੀ। ਰਾਤ ਕਰੀਬ ਨੌ-ਸਾਢੇ ਨੌ ਦਾ ਸਮਾਂ ਹੋ ਗਿਆ। ਉਸਨੂੰ ਸੜਕ ਤੋਂ ਦੂਰੋਂ ਹੀ ਬੱਤੀਆਂ ਜਗਦੀਆਂ ਨਜ਼ਰ ਆਈਆਂ। ਰਾਹ ਸੁੰਨ ਸਾਨ ਸੀ। ਬੱਤੀਆਂ ਜਗਦੀਆਂ ਦੇਖ ਉਹ

ਹੋਰ ਤੇਜ਼ ਹੋ ਗਈ ਤਾਂ ਜੋ ਉੱਥੇ ਪਹੁੰਚ ਆਰਾਮ ਕਰ ਸਕੇ। ਉਹ ਪਹੁੰਚ ਗਈ। ਇਹ ਇੱਕ ਢਾਬਾ ਸੀ। ਆਸ-ਪਾਸ ਦੋ-ਚਾਰ ਟਰੱਕ ਖੜੇ ਸਨ। ਢਾਬੇ ਦੇ ਕੋਲ ਪਹੁੰਚੀ ਤਾਂ ਇੱਕ ਸਰਦਾਰ ਜੀ ਨੂੰ ਦੇਖ ਖੁਸ਼ ਹੋ ਗਈ। ਸਰਦਾਰਾਂ ਦਾ ਢਾਬਾ ਸੀ। ਉਸ ਨੂੰ ਇੰਝ ਲੱਗਾ ਜਿਵੇਂ ਘਰ ਪਹੁੰਚ ਗਈ ਹੋਵੇ। ਮਨਦੀਪ ਨੂੰ ਦੂਰੋਂ ਹੀ ਢਾਬੇ ਵੱਲ ਆਉਂਦੀ ਦੇਖ ਇੱਕ ਸਰਦਾਰ ਜੀ ਭੱਜ ਕੇ ਮਨਦੀਪ ਵੱਲ ਗਿਆ ਤੇ ਉਸਦੇ ਸਿਰ ਤੋਂ ਸਮਾਨ ਵਾਲਾ ਝੋਲਾ ਲਾਉਂਦਾ ਹੋਇਆ ਬੋਲਿਆ..

ਲਿਆ ਭੈਣ ਮੈਨੂੰ ਫੜਾ ਦੇ।

ਮਨਦੀਪ ਪੂਰੀ ਤਰ੍ਹਾਂ ਟੁੱਟੀ ਪਈ ਸੀ। ਸਰਦਾਰ ਜੀ ਨੇ ਜ਼ੋਰ ਨਾਲ ਆਵਾਜ਼ ਮਾਰੀ..

ਓਏ ਬੱਲੀ ਓਏ.. ਪਾਣੀ ਲਿਆ ਓਏ।

ਇੱਕ ਮੋਨਾ ਬੰਦਾ ਪਾਣੀ ਦਾ ਭਰਿਆ ਗਿਲਾਸ ਲਿਆਇਆ ਤੇ ਸਰਦਾਰ ਜੀ ਨੂੰ ਫੜਾਇਆ। ਸਰਦਾਰ ਜੀ ਫਿਰ ਤੋਂ ਬੋਲੇ..

ਆਜਾ ਭੇਣੇ.. ਇੱਥੇ ਬੈਠ ਜਾ।

ਮਨਦੀਪ ਨੇ ਬੱਚੇ ਨੂੰ ਲੱਕ ਨਾਲੋਂ ਖੋਲਿਆ ਤੇ ਮੰਜੇ ਤੇ ਬੈਠ ਗਈ। ਸਰਦਾਰ ਜੀ ਨੇ ਪਾਣੀ ਮਨਦੀਪ ਨੂੰ ਦਿੰਦੇ ਹੋਏ ਬੋਲਿਆ..

ਲੈ ਭੈਣ ਪਾਣੀ ਪੀ ਲਾ।

ਮਨਦੀਪ ਨੇ ਪਾਣੀ ਫੜਿਆ ਤੇ ਅੱਧਿਓ ਜਿਆਦਾ ਪੀ ਬਾਕੀ ਆਪਣੇ ਬੱਚੇ ਨੂੰ ਪਿਆਇਆ। ਫਿਰ ਸਰਦਾਰ ਜੀ ਨੇ ਮਨਦੀਪ ਨੂੰ ਕੁਝ ਦੇਰ ਆਰਾਮ ਕਰਨ ਲਈ ਕਿਹਾ। ਮਨਦੀਪ ਕੁਝ ਦੇਰ ਉੱਥੇ ਹੀ ਬੈਠੀ ਰਹੀ ਤੇ ਆਪਣੇ ਬੱਚੇ ਨੂੰ ਦੁੱਧ ਚੁੰਘਾਉਣ ਲੱਗੀ। ਫਿਰ ਕੁਝ ਦੇਰ ਬਾਅਦ ਸਰਦਾਰ ਜੀ ਆਏ ਤੇ ਮਨਦੀਪ ਨੂੰ ਹੱਥ ਮੂੰਹ ਧੋ ਰੋਟੀ ਖਾਣ ਲਈ ਕਿਹਾ। ਬੱਚਾ ਦੁੱਧ ਪੀਦਾਂ ਹੀ ਸੌਂ ਗਿਆ ਸੀ। ਉਸਨੇ ਬੱਚੇ ਨੂੰ ਉੱਥੇ ਹੀ ਲੰਮੇ ਪਾ ਹੱਥ ਮੂੰਹ ਧੋਤਾ ਤੇ ਫਿਰ ਰੋਟੀ-ਪਾਣੀ ਛਕਿਆ। ਉਸਨੇ ਸਰਦਾਰ ਜੀ ਨੂੰ ਪੈਸੇ ਦੇਣ ਦੀ ਕੋਸ਼ਿਸ਼ ਕੀਤੀ ਪਰ ਸਰਦਾਰ ਜੀ ਨੇ ਪੈਸੇ ਲੈਣ ਤੋਂ ਮਨ੍ਹਾ ਕਰ ਦਿੱਤਾ। ਉਸਨੇ ਸਰਦਾਰ ਜੀ ਨੂੰ ਦੱਸਿਆ ਕਿ ਉਹ ਦਿੱਲੀ ਤੋਂ ਆ ਰਹੀ ਹੈ ਤੇ ਕਪੂਰਥਲੇ ਨੂੰ ਜਾਣਾ ਹੈ। ਸਰਦਾਰ ਜੀ ਦਾ ਮਨਦੀਪ ਪ੍ਰਤੀ ਸਤਿਕਾਰ ਹੋਰ ਵਧ ਗਿਆ ਗਿਆ ਜੱਦ ਉਸਨੇ ਦੱਸਿਆ ਕਿ ਉਸਦਾ ਨਾਂ ਮਨਦੀਪ ਕੌਰ ਹੈ। ਫਿਰ ਸਰਦਾਰ ਜੀ ਨੇ ਬਹੁਤੀਆਂ ਗੱਲਾਂ ਨਾ ਕੀਤੀਆਂ ਤੇ ਉਸਨੂੰ ਆਰਾਮ ਕਰਨ ਲਈ ਇੱਕ ਮੰਜੇ ਤੇ ਬਿਸਤਰ ਲਗਾ ਦਿੱਤਾ।

ਮਨਦੀਪ ਆਪਣੇ ਬੱਚੇ ਨੂੰ ਨਾਲ ਲੈ ਲੰਮੇ ਪੈ ਗਈ। ਪਲਾਂ ਵਿੱਚ ਹੀ ਉਸਨੂੰ ਨੀਂਦ ਆ ਗਈ। ਉਹ ਬੇ-ਫਿਕਰ ਹੋ ਕੇ ਸੁੱਤੀ ਜਿਵੇਂ ਕਿਸੇ ਚੀਜ਼ ਦਾ ਡਰ ਨਾ ਹੋਵੇ। ਸ਼ਾਇਦ ਇਹ ਸਰਦਾਰ ਜੀ ਤੋਂ ਮਿਲੇ ਸਤਿਕਾਰ ਕਾਰਨ ਸੀ। ਢਾਬੇ ਤੇ ਹੋਰ ਵੀ ਕੁਝ ਟਰੱਕ ਡਰਾਇਵਰ ਸਨ। ਉਹ ਰਾਤ ਗੁਜ਼ਾਰਨ ਲਈ ਰੁਕੇ ਸਨ। ਉਸ ਰਾਤ ਮਨਦੀਪ ਨੂੰ ਕੋਈ ਡਰਾਵਨਾ ਸੁਪਨਾ ਨਾ ਆਇਆ। ਸਰੀਰ ਏਨਾ ਟੁੱਟ ਚੁੱਕਾ ਸੀ ਕਿ ਸੁਪਨੇ ਦੀ ਤਰਫ ਧਿਆਨ ਹੀ ਨਹੀਂ ਸੀ। ਏਨੇ ਟੁੱਟੇ ਸਰੀਰ ਨੂੰ ਭਾਵੇਂ ਭੱਖੜਿਆਂ ਤੇ ਸਵਾਂ ਦਿੱਤਾ ਜਾਵੇ, ਤੱਦ ਵੀ ਆਰਾਮ ਪੂਰਵਕ ਨੀਂਦ ਆਵੇਗੀ। ਫਿਰ ਮਨਦੀਪ ਤਾਂ ਇੱਕ ਬਿਸਤਰ ਤੇ ਪਈ ਸੀ। ਖੈਰ ਅਰਾਮਦਾਇਕ ਨੀਂਦ ਆਉਣਾ ਤਾਂ ਸੁਭਾਵਿਕ ਸੀ। ਰਾਤ ਵਧੀਆ ਲੰਘ ਗਈ।

ਸਵੇਰ ਹੋਈ। ਕਰੀਬ ਪੰਜ-ਸਵਾ ਪੰਜ ਦਾ ਸਮਾਂ ਸੀ। ਸਰਦਾਰ ਜੀ ਨੇ ਮਨਦੀਪ ਨੂੰ ਉਠਾਇਆ ਤੇ ਮੂੰਹ-ਹੱਥ ਧੋ ਚਾਹ ਪਾਣੀ ਪੀਣ ਨੂੰ ਕਿਹਾ। ਮਨਦੀਪ ਉੱਠੀ। ਆਪਣਾ ਤੇ ਆਪਣੇ ਬੱਚੇ ਦਾ ਮੂੰਹ ਧੋ, ਰੋਟੀ-ਪਾਣੀ ਖਾਧਾ। ਸਰਦਾਰ ਜੀ ਨੇ ਦੱਸਿਆ ਕਿ ਇੱਕ ਟਰੱਕ ਅੰਬਾਲੇ ਤੱਕ ਜਾ ਰਿਹਾ ਹੈ। ਅੱਗੇ ਉਸਨੇ ਨੰਗਲ ਡੈਮ ਜਾਣਾ ਹੈ। ਪਰ ਅੰਬਾਲੇ ਤੱਕ ਉਸਨੂੰ ਪਹੁੰਚਾ ਦੇਵੇਗਾ। ਮਨਦੀਪ ਖੁਸ਼ ਹੋ ਗਈ ਕਿ ਚੱਲ ਹੋਰ ਪੈਂਡਾ ਸੌਖਾ ਨਿਕਲ ਜਾਊ। ਉਹ ਟਰੱਕ ਵਾਲੇ ਨਾਲ ਬੈਠ ਗਈ। ਇੱਕ ਟਰੱਕ ਡਰਾਇਵਰ ਨਾਲ ਉਸਦਾ ਕਲੰਡਰ ਤੇ ਮਨਦੀਪ ਤੇ ਉਸਦਾ ਦਾ ਪੁੱਤ। ਦਿੱਲੀ ਦੀ ਕਹਾਣੀਆਂ ਦੱਸਦੀ ਹੋਈ ਤੇ ਡਰਾਇਵਰ ਦੇ ਕਿੱਸੇ ਸੁਣਦੀ ਉਹ ਕਰੀਬ ਅੱਠ ਵਜੇ ਤੱਕ ਅੰਬਾਲੇ ਜਾ ਪਹੁੰਚੇ। ਉਹਨਾਂ ਮਨਦੀਪ ਨੂੰ ਉੱਥੇ ਲਾਹਿਆ। ਮਨਦੀਪ ਨੇ ਉਹਨਾਂ ਦਾ ਤਹਿ ਦਿਲੋਂ ਧੰਨਵਾਦ ਕੀਤਾ ਤੇ ਮੁੜ ਤੋਂ ਆਪਣੇ ਪੁੱਤ ਨੂੰ ਲੱਕ ਨਾਲ ਬੰਨ, ਸਿਰ ਤੇ ਸਮਾਨ ਰੱਖ ਤੁਰ ਪਈ। ਤੁਰਦੀ, ਡਿੱਗਦੀ- ਢਹਿੰਦੀ, ਥੋੜਾ ਬਹੁਤਾ ਖਾਂਦੀ-ਪੀਂਦੀ ਉਹ ਰਾਜਪੁਰੇ ਜਾ ਪਹੁੰਚੀ। ਉੱਥੇ ਉਸ ਨੂੰ ਇੱਕ ਮੋਟਰਸਾਇਕਲ ਸਵਾਰ ਮਿਲ ਗਿਆ। ਜੋ ਉਸਨੂੰ ਨਬੀਪੁਰ ਦੇ ਆਸ-ਪਾਸ ਲੈ ਪਹੁੰਚਿਆ। ਸਮਾਂ ਕਰੀਬ ਪੰਜ ਸਵਾ ਪੰਜ ਦਾ ਹੋ ਗਿਆ। ਅਚਾਨਕ ਜ਼ੋਰ ਦਾ ਹਨੇਰ-ਝੱਖੜ ਸ਼ੁਰੂ ਹੋ ਗਿਆ। ਪਰ ਉਹ ਤੁਰਦੀ ਗਈ। ਹਨੇਰ ਹੋਰ ਤੇਜ਼ ਹੁੰਦਾ ਗਿਆ। ਬੱਦਲ ਛਾ ਗਏ। ਜੋ ਦਿਨ ਅੱਠ ਵਜੇ ਤੱਕ ਨਹੀਂ ਸੀ ਖ਼ਤਮ ਹੁੰਦਾ ਉਹ ਛੇ ਵਜੇ ਹੀ ਮੁੱਕਦਾ ਜਾਪ ਰਿਹਾ ਸੀ। ਅਚਾਨਕ ਹੀ ਮੀਂਹ ਆਉਣ ਲੱਗਾ। ਉਹ ਆਪਣੇ-ਆਪ ਤੇ ਬੱਚੇ ਨੂੰ ਬਚਾਉਣ ਲਈ ਆਸਰਾ ਲੱਭਣ ਲੱਗੀ। ਉਸਨੂੰ ਇੱਕ ਜਗ੍ਹਾ ਨਜ਼ਰ ਆਈ। ਜਿੱਥੇ ਬੱਤੀ ਜਗਦੀ ਦਿਖਾਈ ਦਿੱਤੀ। ਮਨਦੀਪ ਕਾਹਲੀ ਨਾਲ ਵਧੀ। ਇਹ ਇੱਕ ਵੱਡੀ ਦੁਕਾਨ ਸੀ ਸ਼ਾਇਦ। ਦੂਰੋਂ ਉਸਨੂੰ ਇਹੀ ਲੱਗਿਆ।

ਕੋਲ ਪਹੁੰਚੀ ਤਾਂ ਇੱਕ ਆਦਮੀ ਕੁਰਸੀ ਡਾਹ ਕੇ ਬੈਠਾ ਹੋਇਆ ਦਿਖਿਆ। ਆਦਮੀ, ਜੋ ਕਿ ਸਿਗਰਟ ਪੀ ਰਿਹਾ ਸੀ। ਮਨਦੀਪ ਵੱਲ ਧਿਆਨ ਜਾਂਦੇ ਹੀ ਉਸਨੇ ਸਿਗਰਟ ਨੂੰ ਥੱਲੇ ਸੁੱਟਿਆ ਤੇ ਪੈਰ ਨਾ ਕੁਚਲਿਆ। ਮਨਦੀਪ ਉਸ ਕੋਲ ਆ ਪਹੁੰਚੀ। ਆਦਮੀ ਉੱਠ ਖੜਾ ਹੋਇਆ। ਮਨਦੀਪ ਨੇ ਬਿਨਾਂ ਕੁਝ ਬੋਲੇ ਆਪਣੇ ਸਿਰ ਵਾਲਾ ਝੋਲਾ ਹੇਠਾਂ ਲਾਹਿਆ ਤੇ ਬੱਚੇ ਨੂੰ ਲੱਕ ਨਾਲੋਂ ਖੋਲਿਆ। ਉਸਦੇ ਸਾਰੇ ਲੀੜੇ ਭਿੱਜ ਚੁੱਕੇ ਸਨ ਤੇ ਬੱਚਾ ਰੋ

ਰਿਹਾ ਸੀ। ਮੀਂਹ ਬਹੁਤ ਤੇਜ਼ ਸੀ। ਜਿਸਨੇ ਪਲਾਂ ਵਿੱਚ ਹੀ ਬੱਸ-ਬੱਸ ਕਰਾ ਦਿੱਤੀ। ਇੱਕਦਮ ਗਰਮੀ ਠੰਡ ਵਿੱਚ ਬਦਲ ਗਈ। ਉਸ ਆਦਮੀ ਨੇ ਕੋਲ ਪਿਆ ਪਰਨਾ ਫੜਾਉਂਦੇ ਹੋਏ ਕਿਹਾ..

ਆਹ ਲਉ, ਇਸ ਨਾਲ ਪੂੰਝ ਲਉ।

ਮਨਦੀਪ ਨੇ ਅਜੇ ਵੀ ਮੂੰਹੋਂ ਕੋਈ ਬੋਲ ਨਹੀਂ ਸੀ ਬੋਲਿਆ। ਉਸਨੇ ਪਰਨਾ ਲੈ ਪਹਿਲਾਂ ਆਪਣੇ ਪੁੱਤ ਨੂੰ ਪੂੰਝਿਆ। ਆਦਮੀ ਨੇ ਬੱਚਾ ਫੜਦੇ ਹੋਏ ਆਖਿਆ..

ਲਿਆਉ, ਬੱਚੇ ਨੂੰ ਮੈਨੂੰ ਫੜਾ ਦਿਉ। ਤੁਸੀਂ ਆਪਣਾ-ਆਪ ਪੂੰਝੋ।

ਮਨਦੀਪ ਪੂੰਝਣ ਲੱਗੀ। ਉਸਨੇ ਇੱਕ ਪਾਸੇ ਹੋ ਆਪਣੀ ਗਿੱਲੀ ਚੁੰਨੀ ਲਾਹੀ, ਨਿਚੋੜੀ ਤੇ ਫਿਰ ਪਰਨੇ ਨਾਲ ਖੁਦ ਨੂੰ ਪੂੰਝਣ ਲੱਗੀ। ਉਹ ਆਦਮੀ ਮਨਦੀਪ ਨੂੰ ਗੌਰ ਨਾਲ ਦੇਖ ਰਿਹਾ ਸੀ। ਉਸਦਾ ਧਿਆਨ ਮਨਦੀਪ ਦੀ ਚਿੱਟੀ ਗਰਦਨ ਤੇ ਭਿੱਜੇ ਸਰੀਰ ਵੱਲ ਸੀ। ਉਹ ਲਗਾਤਾਰ ਉਸਦੀਆਂ ਛਾਤੀਆਂ ਵੱਲ ਘੂਰ ਰਿਹਾ ਸੀ। ਮਨਦੀਪ ਜਾਣਦੀ ਸੀ ਕਿ ਉਹ ਇਸ ਤਰ੍ਹਾ ਕਰ ਰਿਹਾ ਹੈ। ਉਸ ਨੇ ਅਣਦੇਖਿਆ ਕਰ ਪਰਨਾ ਉਸ ਆਦਮੀ ਨੂੰ ਫੜਾਇਆ ਤੇ ਆਪਣੇ ਬੱਚੇ ਨੂੰ ਉਸ ਤੋਂ ਫੜ ਲਿਆ। ਆਦਮੀ ਬੱਚਾ ਫੜਾਉਂਦੇ ਹੋਏ ਬੋਲਿਆ..

ਅਗਰ ਹੋਰ ਕੱਪੜੇ ਹੈ ਤਾਂ ਬਦਲ ਲਵੋ, ਹਾਅ ਗਿੱਲੇ ਹੋ ਗਏ ਨੇ। ਬਿਮਾਰ ਨਾ ਹੋ ਜਾਇਓ।

ਮਨਦੀਪ ਸਮਝਦੀ ਸੀ। ਉਹ ਲੀੜੇ ਬਦਲਣਾ ਵੀ ਚਾਹੁੰਦੀ ਸੀ। ਪਰ ਕਿਸ ਤਰ੍ਹਾ ਬਦਲੇ ਉਹ ਨਹੀਂ ਸੀ ਸਮਝ ਰਹੀ। ਕਿਸੇ ਗੈਰ ਮਰਦ ਦੇ ਹੋਣ ਕਾਰਨ ਉਹ ਇਹ ਨਹੀਂ ਸੀ ਕਰ ਸਕਦੀ। ਤੇ ਉਹ ਵੀ ਐਸਾ ਮਰਦ ਜੋ ਸਿਰਫ ਉਸਦੇ ਗਿੱਲੇ ਜਿਸਮ ਵੱਲ ਦੇਖ ਰਿਹਾ ਸੀ। ਮਨਦੀਪ ਬੋਲੀ..

ਨਹੀਂ ਕੋਈ ਗੱਲ ਨੀ। ਸੁੱਕ ਜਾਣਗੇ ਆਪੇ।

ਆਦਮੀ ਬੋਲਿਆ..

ਮੁਆਫ ਕਰਨਾ ਮੈਂ ਸਮਝਦਾ ਹਾਂ। ਆਪ ਡਰ ਰਹੇ ਹੋ। ਮੇਰਾ ਕੋਈ ਗ਼ਲਤ ਇਰਾਦਾ ਨਹੀਂ ਹੈ। ਆਪ ਉੱਪਰ ਚਲੇ ਜਾਉ ਤੇ ਉੱਪਰ ਜਾ ਕੱਪੜੇ ਬਦਲ ਲਉ, ਉੱਪਰ ਘਰ ਹੈ ਮੇਰਾ। ਕੁੰਡਾ ਮਾਰ ਲਿਉ ਉੱਪਰੋਂ। ਮਨਦੀਪ ਨੇ ਗੱਲ ਸੁਣੀ ਪਰ ਬੋਲੀ ਨਾ। ਆਦਮੀ ਫਿਰ ਤੋਂ ਬੋਲਿਆ..

ਬਦਲ ਲਉ, ਬੱਚਾ ਵੀ ਨਹੀਂ ਤਾਂ ਬਿਮਾਰ ਹੋ ਜਾਵੇਗਾ।

ਮਨਦੀਪ ਨੇ ਬੱਚੇ ਦੇ ਕਾਰਨ ਗੈਰ ਆਦਮੀ ਦੀ ਗੱਲ ਮੰਨ ਲਈ ਤੇ ਆਪਣਾ ਝੋਲਾ ਚੁੱਕ ਤੁਰ ਪਈ। ਆਦਮੀ ਨੇ ਉਸਨੂੰ ਉੱਪਰ ਦਾ ਰਾਹ ਦਿਖਾਇਆ ਤੇ ਆਪ ਹੇਠਾਂ ਹੀ ਖੜਾ ਰਿਹਾ। ਮਨਦੀਪ ਉੱਪਰ ਪਹੁੰਚੀ ਤੇ

ਪਹੁੰਚਦੇ ਹੀ ਪੌੜੀਆਂ ਵਾਲੇ ਬੂਹੇ ਨੂੰ ਬੰਦ ਕਰ ਕੁੰਡਾ ਲਾ ਦਿੱਤਾ। ਉੱਪਰ ਦੋ ਕੁ ਕਮਰੇ, ਰਸੋਈ ਤੇ ਖੁੱਲ੍ਹਾ ਹਾਲ ਬਣਿਆ ਹੋਇਆ ਸੀ। ਉਹ ਹਾਲ ਵਿੱਚ ਹੀ ਪਹਿਲਾਂ ਆਪਣੇ ਬੱਚੇ ਦੇ ਲੀੜੇ ਬਦਲੇ ਤੇ ਫਿਰ ਆਪਣੇ। ਜਿਆਦਾਤਰ ਲੀੜੇ ਗਿੱਲੇ ਸਨ। ਜੋ ਉਸ ਨੂੰ ਮਾੜੇ ਮੋਟੇ ਸੁੱਕੇ ਜਾਪੇ ਉਹ ਪਾ ਲਏ। ਗਿੱਲੇ ਲੀੜੇ ਨਿਚੋੜ ਇੱਕ ਪਾਸੇ ਕਰ ਟੰਗ ਦਿੱਤੇ। ਫਿਰ ਫੋਨ ਦੇਖਿਆ ਤਾਂ ਫੋਨ ਵਿੱਚ ਵੀ ਪਾਣੀ ਪੈ ਚੁੱਕਾ ਸੀ। ਫੋਨ ਬੰਦ ਸੀ। ਮਨਦੀਪ ਨੇ ਫੋਨ ਨੂੰ ਚਾਲੂ ਨਾ ਕੀਤਾ ਤੇ ਖੋਲ੍ਹ ਇੱਕ ਪਾਸੇ ਰੱਖ ਦਿੱਤਾ। ਫਿਰ ਜਗ੍ਹਾ ਦੇਖ ਬੈਠ ਗਈ। ਬੱਚੇ ਵੱਲ ਨਜ਼ਰ ਪਈ ਤਾਂ ਬੱਚਾ ਸੌਂ ਗਿਆ ਸੀ। ਉਸ ਆਦਮੀ ਨੇ ਆਪਣੀ ਦੁਕਾਨ ਦਾ ਸ਼ਟਰ ਬੰਦ ਕੀਤਾ ਤੇ ਪੌੜੀਆਂ ਵਾਲਾ ਬੂਹਾ ਖੜਾਇਆ। ਮਨਦੀਪ ਉੱਠੀ ਤੇ ਜਾ ਕੇ ਬੂਹਾ ਖੋਲ੍ਹਿਆ। ਬੂਹਾ ਖੋਲਦੇ ਹੀ ਉਹ ਫਿਰ ਤੋਂ ਬਿਨਾਂ ਕੁਝ ਬੋਲੇ ਵਾਪਿਸ ਉੱਥੇ ਜਾ ਬੈਠੀ ਜਿੱਥੇ ਪਹਿਲਾਂ ਬੈਠੀ ਸੀ। ਆਦਮੀ ਬੋਲਿਆ..

ਪਹਿਲਾਂ ਰੋਟੀ ਖਾਵੋਗੇ ਜਾਂ ਫਿਰ ਚਾਹ ਪੀਓਗੇ?

ਮਨਦੀਪ ਬੋਲੀ..

ਨਹੀਂ ਕਿਸੇ ਚੀਜ਼ ਦੀ ਲੋੜ ਨਹੀਂ। ਧੰਨਵਾਦ।

ਆਦਮੀ ਮੁਸਕਰਾਇਆ ਤੇ ਫਿਰ ਤੋਂ ਬੋਲਿਆ..

ਮੈਂ ਰੋਟੀ ਬਣਾ ਦੇਂਦਾ ਹਾਂ। ਮੈਨੂੰ ਭੁੱਖ ਲੱਗੀ ਹੈ। ਆਪ ਨੂੰ ਲੱਗੀ ਹੋਵੇ ਤਾਂ ਖਾ ਲਿਉ।

ਮਨਦੀਪ ਕੁਝ ਨਾ ਬੋਲੀ। ਆਦਮੀ ਰਸੋਈ ਵਿੱਚ ਗਿਆ ਤੇ ਰੋਟੀ ਬਣਾਉਣ ਲੱਗਾ। ਫਿਰ ਕੁਝ ਚਿਰ ਪਿੱਛੋਂ ਮਨਦੀਪ ਬੋਲੀ..

ਆਪ ਦੱਸ ਸਕਦੇ ਹੋ ਮੀਂਹ ਕਿੰਨੀ ਕੁ ਦੇਰ ਤੱਕ ਪੈ ਸਕਦਾ।

ਆਦਮੀ ਬੋਲਿਆ..

ਕੁਝ ਕਹਿ ਨਹੀਂ ਸਕਦੇ। ਉਂਝ ਪਿਆ ਕਾਫੀ ਦਿਨਾਂ ਪਿਛੋਂ ਆ। ਹਨੇਰ-ਝੱਖੜ ਵੀ ਬਹੁਤ ਆ। ਮੈਨੂੰ ਨੀ ਲੱਗਦਾ ਇਹ ਛੇਤੀ ਹਟੂ।

ਮਨਦੀਪ ਬੋਲੀ..

ਮੈਂ ਤਾਂ ਅਜੇ ਬਹੁਤ ਦੂਰ ਜਾਣਾ ਹੈ। ਏਦਾਂ ਤਾਂ ਔਖਾ ਹੋਜੂ।

ਆਦਮੀ ਬੋਲਿਆ..

ਕਿੱਥੇ ਜਾਣਾ ਤੁਸੀਂ?

ਮਨਦੀਪ ਬੋਲੀ..

ਕਪੂਰਥਲੇ।

ਆਦਮੀ ਬੋਲਿਆ..

ਪੈਦਲ ਹੀ?

ਮਨਦੀਪ ਬੋਲੀ..

ਹਾਂ ਜਾਣਾ ਤਾਂ ਹੈ। ਪੈਦਲ ਹੀ ਸਹੀ।

ਆਦਮੀ ਬੋਲਿਆ..

ਉਂਝ ਆ ਕਿੱਥੋਂ ਰਹੇ ਹੋ?

ਮਨਦੀਪ ਬੋਲੀ..

ਦਿੱਲੀ ਤੋਂ।

ਮਨਦੀਪ ਦਾ ਜੁਆਬ ਸੁਣ ਆਦਮੀ ਚੁੱਪ ਹੋ ਗਿਆ। ਉਸ ਕੋਲ ਸ਼ਾਇਦ ਹੁਣ ਕੋਈ ਸਵਾਲ ਨਹੀਂ ਸੀ ਕਰਨ ਲਈ। ਉਹ ਚੁੱਪ ਰਿਹਾ। ਫਿਰ ਰੋਟੀ ਪਕਾਈ ਤੇ ਇੱਕ ਥਾਲੀ ਵਿੱਚ ਤਿੰਨ ਚਾਰ ਰੋਟੀਆਂ ਤੇ ਸਬਜੀ ਰੱਖ ਮਨਦੀਪ ਨੂੰ ਲਿਆ ਫੜਾਈ। ਮਨਦੀਪ ਨੇ ਬਿਨਾਂ ਨਾਂਹ ਕੀਤੇ ਥਾਲੀ ਫੜ ਲਈ। ਉਸਨੂੰ ਵੀ ਭੁੱਖ ਲੱਗੀ ਸੀ। ਆਦਮੀ ਨੇ ਪਾਣੀ ਦਾ ਭਰਿਆ ਜੱਗ ਤੇ ਦੋ ਗਿਲਾਸ ਲਿਆ ਉਸ ਕੋਲ ਰੱਖ ਦਿੱਤੇ। ਫਿਰ ਆਪਣੇ ਲਈ ਰੋਟੀ ਪਾ ਲਿਆਇਆ ਤੇ ਖਾਣ ਲੱਗਾ। ਮਨਦੀਪ ਵੀ ਖਾਣ ਲੱਗ ਪਈ। ਫਿਰ ਮਨਦੀਪ ਬੋਲੀ..

ਤੁਸੀਂ ਇੱਥੇ ਇਕੱਲੇ ਰਹਿੰਦੇ ਹੋ?

ਆਦਮੀ ਬੋਲਿਆ..

ਹਾਂ, ਕੁਝ ਦਿਨਾਂ ਤੋਂ। ਉਂਝ ਮੇਰੇ ਨਾਲ ਹੈਗਾ ਸੀ ਇੱਕ ਮੁੰਡਾ ਪਰ ਉਹ ਇਸ ਕੰਮ-ਕਾਜ ਬੰਦ ਹੋਣ ਕਾਰਨ ਆਪਣੇ ਪਿੰਡ ਚਲਾ ਗਿਆ।

ਮਨਦੀਪ ਬੋਲੀ..

ਤੇ ਤੁਹਾਡਾ ਪਰਿਵਾਰ?

ਮੈਂ ਕੱਲਾ ਹੀ ਆ। ਕੋਈ ਅੱਗੇ ਪਿੱਛੇ ਨਹੀਂ।

ਮਨਦੀਪ ਚੁੱਪ ਕਰ ਗਈ। ਫਿਰ ਆਦਮੀ ਬੋਲਿਆ..

ਕੀ ਨਾਂ ਆਪ ਦਾ?

ਮਨਦੀਪ ਕੌਰ।

ਆਦਮੀ ਬੋਲਿਆ..

ਤੇ ਆਪਦੇ ਬੇਟੇ ਦਾ?

ਮਨਦੀਪ ਬੋਲੀ..

ਕਬੀਰ।

ਆਦਮੀ ਬੋਲਿਆ..

ਮੁਆਫ ਕਰਨਾ ਮੈਨੂੰ ਪੁੱਛਣਾ ਤਾਂ ਨਹੀਂ ਚਾਹੀਦਾ ਪਰ ਫਿਰ ਵੀ ਆਪ ਨੂੰ ਇਸ ਹਾਲਤ ਵਿੱਚ ਦੇਖ ਪੁੱਛ ਰਿਹਾ ਹਾਂ। ਆਪਦਾ ਘਰਵਾਲਾ?

ਮਨਦੀਪ ਬੋਲੀ..

ਉਹ ਨਹੀਂ ਰਹੇ।

ਆਦਮੀ ਚੁੱਪ ਹੋ ਗਿਆ। ਫਿਰ ਦੋਨਾਂ ਰੋਟੀ ਖਾਧੀ ਤੇ ਉਸ ਆਦਮੀ ਨੇ ਜੂਠੇ ਭਾਂਡੇ ਚੁੱਕੇ ਤੇ ਰਸੋਈ ਵਿੱਚ ਲੈ ਗਿਆ। ਮਨਦੀਪ ਵਾਰ-ਵਾਰ ਮੌਸਮ ਨੂੰ ਦੇਖ ਰਹੀ ਸੀ। ਬਿਜਲੀ ਚਮਕ ਰਹੀ ਸੀ। ਬੱਦਲ ਗਰਜ ਰਹੇ ਸਨ। ਮੀਂਹ ਪਹਿਲਾਂ ਨਾਲੋਂ ਵੀ ਤੇਜ਼ ਜਾਪਦਾ ਸੀ। ਦੇਖਦਿਆਂ ਹੀ ਦੇਖਦਿਆਂ ਅੱਠ ਵੱਜ ਗਏ। ਉਹ ਆਪਸ ਵਿੱਚ ਮਹਾਂਮਾਰੀ ਦੇ ਵੱਧਦੇ ਫੈਲਾਅ ਤੇ ਸਰਕਾਰ ਦੀਆਂ ਨੀਤੀਆਂ ਬਾਰੇ ਗੱਲਾਂ ਕਰ ਰਹੇ ਸਨ ਕਿ ਅਚਾਨਕ ਬੱਚਾ ਉੱਠ ਕੇ ਰੋਣ ਲੱਗਾ। ਮਨਦੀਪ ਨੇ ਕਾਹਲੀ ਨਾਲ ਬੱਚੇ ਨੂੰ ਚੁੱਕਿਆ ਤੇ ਬਿਨਾਂ ਕੋਈ ਖਿਆਲ ਕੀਤੇ ਆਪਣੀ ਛਾਤੀ ਨਾਲ ਲਾ ਬੱਚੇ ਨੂੰ ਦੁੱਧ ਚੁੰਘਾਉਣ ਲੱਗੀ। ਬੱਚਾ ਦੁੱਧ ਚੁੰਘਣ ਲੱਗ ਪਿਆ। ਉਸ ਆਦਮੀ ਦਾ ਧਿਆਨ ਮਨਦੀਪ ਦੀ ਨਗ਼ਨ ਛਾਤੀ ਤੇ ਜਾ ਪਿਆ। ਮਨਦੀਪ ਦਾ ਧਿਆਨ ਬੱਚੇ ਵਿੱਚ ਸੀ। ਉਹ ਆਦਮੀ ਬਿਨਾਂ ਅੱਖ ਝਮਕੇ ਮਨਦੀਪ ਵੱਲ ਦੇਖ ਰਿਹਾ ਸੀ। ਮਨਦੀਪ ਦਾ ਧਿਆਨ ਉਸ ਆਦਮੀ ਤੇ ਪਿਆ। ਉਸਨੇ ਸ਼ਰਮ ਨਾਲ ਸਿਰ ਝੁਕਾ

ਲਿਆ। ਮਨਦੀਪ ਵੀ ਆਪਣੇ-ਆਪ ਨੂੰ ਢੱਕਣ ਲਈ ਏਧਰ-ਓਧਰ ਦੇਖਣ ਲੱਗੀ ਪਰ ਕੁਝ ਉਸਦੀ ਨਜ਼ਰ ਵਿੱਚ ਨਾ ਆਇਆ। ਕਰੀਬ ਦਸ ਪੰਦਰਾਂ ਮਿੰਟ ਦੁੱਧ ਚੁੰਘਾਉਣ ਪਿੱਛੋਂ ਬੱਚਾ ਫਿਰ ਤੋਂ ਸੌਂ ਗਿਆ। ਮਨਦੀਪ ਨੇ ਬੱਚੇ ਨੂੰ ਇੱਕ ਪਾਸੇ ਕਰ ਦਿੱਤਾ ਤੇ ਆਪਣਾ ਕਮੀਜ਼ ਠੀਕ ਕੀਤਾ। ਦੋਨੋਂ ਕੁਝ ਦੇਰ ਲਈ ਖਾਮੋਸ਼ ਹੋ ਗਏ।

ਫਿਰ ਅਚਾਨਕ ਆਦਮੀ ਆਪਣੀ ਜਗ੍ਹਾ ਤੋਂ ਉੱਠਿਆ ਤੇ ਬਿਨਾਂ ਕੁਝ ਦੱਸੇ-ਪੁੱਛੇ ਮਨਦੀਪ ਦੇ ਲਬਾਂ ਨੂੰ ਲਬਾਂ ਨਾਲ ਮਿਲਾ ਦਿੱਤਾ। ਮਨਦੀਪ ਨੇ ਕੋਈ ਹੁੰਗਾਰਾ ਨਾ ਭਰਿਆ। ਨਾ ਹੀ ਉਸਨੇ ਰੋਕਿਆ ਤੇ ਨਾ ਹੀ ਉਸਦਾ ਸਾਥ ਦਿੱਤਾ। ਬਸ ਉਹ ਓਸੇ ਤਰ੍ਹਾਂ ਬੈਠੀ ਰਹੀ। ਆਦਮੀ ਨੇ ਪੰਜ-ਸੱਤ ਮਿੰਟ ਲਬਾਂ ਨੂੰ ਚੁੰਮਿਆ ਤੇ ਮਨਦੀਪ ਦੀ ਕਮੀਜ਼ ਲਾਹ ਦਿੱਤੀ। ਮਨਦੀਪ ਅਜੇ ਵੀ ਖਾਮੋਸ਼ ਸੀ। ਉਸ ਨੂੰ ਸਮਝ ਨਹੀਂ ਸੀ ਕਿ ਇਹ ਕੀ ਹੋ ਰਿਹਾ ਹੈ। ਉਹ ਚਾਹੁੰਦੀ ਤਾਂ ਉਸ ਆਦਮੀ ਨੂੰ ਇਸ ਤਰ੍ਹਾਂ ਕਰਨ ਤੋਂ ਜ਼ਬਰਦਸਤੀ ਰੋਕ ਸਕਦੀ ਪਰ ਪਤਾ ਨਹੀਂ ਉਹ ਕਿਉਂ ਚੁੱਪ ਸੀ। ਸ਼ਇਦ ਉਸ ਨੂੰ ਇਹ ਸੀ ਕਿ ਏਨੀ ਹਨੇਰੀ ਝੱਖੜ ਰਾਤ ਵਿੱਚ ਉਹ ਆਪਣੇ ਬੱਚੇ ਨੂੰ ਲੈ ਕਿੱਧਰ ਜਾਵੇਗੀ। ਉਸਦੀ ਮਜ਼ਬੂਰੀ ਕਾਰਨ ਉਹ ਉਸ ਆਦਮੀ ਨੂੰ ਰੋਕਣ ਵਿੱਚ ਅਸਮਰੱਥ ਮਹਿਸੂਸ ਕਰ ਰਹੀ ਸੀ। ਉਸਨੇ ਉਸ ਆਦਮੀ ਨੂੰ ਬਿਲਕੁਲ ਵੀ ਨਾ ਰੋਕਿਆ। ਹਵਸ਼ ਦਾ ਸ਼ਿਕਾਰ ਆਦਮੀ ਮਨਦੀਪ ਦੇ ਦੂਧੀਆ ਚਿੱਟੇ ਸਰੀਰ ਨੂੰ ਦੇਖ ਵੱਸ ਤੋਂ ਬਾਹਰ ਹੋ ਗਿਆ। ਉਹ ਵਾਰ-ਵਾਰ ਮਨਦੀਪ ਦੇ ਸਰੀਰ ਨੂੰ ਚੁੰਮ ਰਿਹਾ ਸੀ। ਕਦੇ ਉਸਦੇ ਪਿੱਠ ਤੇ ਹੱਥ ਮਾਰਦਾ ਕਦੇ ਛਾਤੀਆਂ ਤੇ। ਸਰੀਰ ਨਾਲ ਖੇਡਦੇ ਉਸਦਾ ਧਿਆਨ ਮਨਦੀਪ ਦੇ ਦੂਧੀਆ ਸਰੀਰ ਤੇ ਪਈਆਂ ਕਾਲੀਆਂ ਝਰੀਟਾਂ ਵੱਲ ਪਿਆ। ਏਨੇ ਸੋਹਣੇ ਤੇ ਖ਼ੂਬਸੂਰਤ ਬਦਨ ਤੇ ਇਹ ਝਰੀਟਾਂ ਕੁਝ ਜਿਆਦਾ ਹੀ ਉਭਰ-ਉਭਰ ਨਜ਼ਰ ਆ ਰਹੀਆਂ ਸਨ। ਉਹ ਰੁਕਿਆ ਤੇ ਪੁੱਛਣ ਲੱਗਾ..

ਇਹ ਕਿਵੇਂ ਦੀਆਂ ਝਰੀਟਾਂ ਨੇ?

ਮਨਦੀਪ ਬੜੀ ਅਣ ਉਪੇਕਸ਼ਕਾਰੀ ਆਵਾਜ਼ ਵਿੱਚ ਬੋਲੀ..

ਇਹ ਵੀ ਤੇਰੇ ਵਰਗਿਆਂ ਜਾਨਵਰਾਂ ਦੀਆਂ ਲਹੁੰਦਰਾਂ ਦੇ ਨਿਸ਼ਾਨ ਨੇ।

ਮਨਦੀਪ ਦੀ ਇਹ ਗੱਲ ਸੁਣਦੇ ਹੀ ਆਦਮੀ ਇੱਕ ਦਮ ਪਿਛਾਂਹ ਹੱਟ ਗਿਆ। ਮਨਦੀਪ ਦੀਆਂ ਅੱਖਾਂ 'ਚੋਂ ਅੱਥਰੂ ਵਹਿਣ ਲੱਗੇ। ਆਦਮੀ ਨੇ ਉਸਨੂੰ ਕਮੀਜ਼ ਫੜਾਇਆ ਤੇ ਬੋਲਿਆ..

ਮੁਆਫ ਕਰਨਾ.. ਮੁਆਫ ਕਰਨਾ.. ਮੈਂ ਏਦਾਂ ਦਾ ਕੁਝ ਨਹੀਂ ਸੀ ਕਰਨਾ ਚਾਹੁੰਦਾ। ਪਤਾ ਹੀ ਨੀ ਲੱਗਾ ਕਦ ਵੱਸ ਤੋਂ ਬਾਹਰ ਹੋ ਗਿਆ।

ਮਨਦੀਪ ਅੱਥਰੂ ਪੂੰਝਦੀ ਹੋਈ ਬੋਲੀ..

ਮੈਂ ਪਹਿਲਾਂ ਵੀ ਇਹੋ ਜਿਹੇ ਸਮੇਂ 'ਚੋਂ ਲੰਘ ਚੁੱਕੀ ਹਾਂ। ਆਹ ਬੱਚਾ ਵੀ ਕੁਝ ਐਸੇ ਕਰਮਾਂ ਦਾ ਨਤੀਜ਼ਾ ਹੈ।

ਆਦਮੀ ਘਬਰਾਇਆ ਤੇ ਡਰੀ ਹੋਈ ਆਵਾਜ਼ 'ਚ ਬੋਲਿਆ..

ਮੁਆਫ਼ ਕਰਨਾ। ਮੈਂ ਸੱਚੀ ਨਹੀਂ ਸੀ ਇਹ ਕਰਨਾ ਚਾਹੁੰਦਾ। ਮੈਂ ਕਦੇ ਇਹੋ ਜਿਹਾ ਦੁਸ਼ਟ ਕੰਮ ਨਹੀਂ ਕੀਤਾ। ਪਤਾ ਨੀ ਮੇਰੇ ਤੋਂ ਇਹ ਗ਼ਲਤੀ ਕਿਵੇਂ ਹੋ ਗਈ। ਆਪ ਕਮੀਜ਼ ਪਾ ਲਉ।

ਮਨਦੀਪ ਨੇ ਆਦਮੀ ਵੱਲ ਤੱਕਿਆ ਤੇ ਆਪਣਾ ਕਮੀਜ਼ ਪਾ ਲਿਆ ਤੇ ਬੋਲੀ..

ਮੈਂ ਕਾਲਜ ਪੜਦੀ ਸੀ। ਇੱਕ ਦਿਨ ਆਪਣੇ ਕਮਰੇ ਵਿੱਚ ਕੱਲੀ ਸੀ। ਤਿੰਨ ਮੁੰਡੇ ਆਏ, ਜੋ ਮੇਰੇ ਹੀ ਜਮਾਤੀ ਸਨ। ਉਹਨਾਂ ਦੀ ਹਵਸ਼ ਸਿਰ ਚੜ ਬੋਲ ਰਹੀ ਸੀ। ਮੈਂ ਉਹਨਾਂ ਨੂੰ ਕਦੇ ਬੁਲਾਇਆ ਤੱਕ ਨਹੀਂ ਸੀ। ਨਾ ਕਦੇ ਕੋਈ ਮਾੜੀ ਚੰਗੀ ਕਹੀ ਸੀ। ਪਰ ਪਤਾ ਨਹੀਂ ਉਸ ਦਿਨ ਉਹਨਾਂ ਮੇਰੇ ਤੋਂ ਕਿਸ ਗੱਲ ਦਾ ਬਦਲਾ ਲਿਆ। ਜਿਵੇਂ ਉਹਨਾਂ ਦੀ ਹਵਸ਼ ਦਾ ਕਾਰਨ ਮੈਂ ਹੀ ਹੋਵਾਂ। ਤਿੰਨਾਂ ਨੇ ਇੱਕ-ਇੱਕ ਕਰ ਮੇਰਾ ਐਸਾ ਬਲਾਤਕਾਰ ਕੀਤਾ ਕਿ ਮੈਂ, ਮੈਂ ਨਾ ਰਹੀ।

ਸਰਕਾਰ ਨੇ ਉਹਨਾਂ ਨੂੰ ਇਸ ਗੁਨਾਹ ਲਈ ਆਪਣੇ ਹਿਸਾਬ ਨਾਲ ਸਜਾ ਤਾਂ ਜਰੂਰ ਦਿੱਤੀ ਪਰ ਮੈਨੂੰ ਉਸ ਨਾਲ ਕੋਈ ਨਿਆ ਨਾ ਮਿਲਿਆ। ਮੈਂ ਗਰਭਵਤੀ ਹੋ ਗਈ। ਜੱਦ ਮੇਰੇ ਘਰਦਿਆਂ ਨੂੰ ਪਤਾ ਲੱਗਾ ਤਾਂ ਉਹਨਾਂ ਮੈਨੂੰ ਬੱਚਾ ਗਿਰਾਉਣ ਲਈ ਕਿਹਾ। ਮੈਂ ਇਸ ਬੱਚੇ ਨੂੰ ਪਾਪ ਸਮਝ ਗਿਰਾਉਣਾ ਚਾਹੁੰਦੀ ਸੀ ਪਰ ਮੈਂ ਗਿਰਾ ਨਾ ਸਕੀ ਤੇ ਇਸ ਨੂੰ ਜਨਮ ਦੇ ਦਿੱਤਾ। ਮੇਰਿਆਂ ਘਰਦਿਆਂ ਨੇ ਇਸ ਵਿੱਚ ਮੇਰਾ ਦੋਸ਼ ਮੰਨ ਮੇਰੇ ਨਾਲ ਪਹਿਲਾਂ ਵਾਲਾ ਵਿਵਹਾਰ ਕਰਨਾ ਬੰਦ ਕਰ ਦਿੱਤਾ। ਮੈਨੂੰ ਮੇਰੇ ਹੀ ਘਰਦੇ ਵੈਰੀ ਲੱਗਣ ਲੱਗ ਪਏ ਤੇ ਮੈਂ ਘਰ ਛੱਡ ਆਪਣੇ ਬੱਚੇ ਨੂੰ ਨਾਲ ਲੈ ਦਿੱਲੀ ਚਲੀ ਗਈ। ਉਸ ਤੋਂ ਬਾਅਦ ਕੁਝ ਮਾੜਾ-ਮੋਟਾ ਕੰਮ ਕੀਤਾ ਤੇ ਹੁਣ ਫਿਰ ਤੋਂ ਉੱਥੇ ਆ ਰੁਕੀ ਹਾਂ, ਜਿੱਥੋਂ ਇਹ ਸ਼ੁਰੂ ਹੋਇਆ ਸੀ।

ਆਦਮੀ ਬੋਲਿਆ..

ਮੇਰੇ ਤੋਂ ਬਹੁਤ ਵੱਡੀ ਗ਼ਲਤੀ ਹੋ ਗਈ। ਮੈਂ ਨਹੀਂ ਸੀ ਜਾਣਦਾ ਕਿ ਆਪ ਨਾਲ ਇਹ ਸਭ ਹੋਇਆ ਹੈ ਤੇ ਨਾ ਹੀ ਮੈਂ ਚਾਹੁੰਦਾ ਸੀ ਕਿ ਆਪ ਨਾ ਏਦਾਂ ਦਾ ਵਿਵਹਾਰ ਕਰਾਂ। ਮੈਨੂੰ ਆਪਣੇ ਇਸ ਕੀਤੇ ਪਾਪ ਤੇ ਬਹੁਤ ਪਛਤਾਵਾ ਹੋ ਰਿਹਾ ਹੈ।

ਮਨਦੀਪ ਬੋਲੀ..

ਕੋਈ ਗੱਲ ਨੀ, ਇੱਕ ਜਵਾਨ ਤੇ ਕੱਲੀ ਔਰਤ ਨੂੰ ਵੇਖ ਤਾਂ ਮਹਾਤਮਾ ਤੱਕ ਕਾਮ ਦੇ ਅਧੀਨ ਹੋ ਜਾਂਦੇ ਨੇ ਤੁਸੀਂ ਤਾਂ ਫਿਰ ਵੀ ਇੱਕ ਇਨਸਾਨ ਹੋ। ਖੈਰ ਮੈਨੂੰ ਲੱਗਦਾ ਮੈਨੂੰ ਹੁਣ ਸੌਣਾ ਚਾਹੀਦਾ ਹੈ। ਦੱਸ ਦਿਉ ਮੈਂ ਕਿੱਥੇ ਸੌਵਾਂ?

ਆਦਮੀ ਡਰੀ ਜਿਹੀ ਆਵਾਜ਼ ਵਿੱਚ ਬੋਲਿਆ..

ਆਪ ਜਿੱਥੇ ਮਰਜੀ ਪੈ ਜਾਉ। ਮੈਂ ਇੱਥੇ ਹੀ ਪੈ ਜਾਵਾਂਗਾ।

ਮਨਦੀਪ ਉੱਠੀ ਤੇ ਆਪਣੇ ਬੱਚੇ ਨੂੰ ਚੁੱਕ ਇੱਕ ਕਮਰੇ ਵਿੱਚ ਚਲੀ ਗਈ ਤੇ ਨਾਲ ਲੈ ਲੰਮੇ ਪੈ ਗਈ। ਉਹ ਆਦਮੀ ਬਾਹਰ ਹੀ ਸੌਂ ਗਿਆ। ਪਰ ਮਨਦੀਪ ਨੂੰ ਸਾਰੀ ਰਾਤ ਨੀਂਦ ਨਾ ਆਈ। ਉਸ ਨੂੰ ਸਾਰੀ ਰਾਤ ਡਰ ਰਿਹਾ ਕਿ ਕਿਤੇ ਉਹ ਆਦਮੀ ਮੁੜ ਤੋਂ ਉਸ ਉੱਪਰ ਨਾ ਝਪਟ ਪਵੇ। ਸੋਚਾਂ ਸੋਚਦੇ, ਅੱਥਰੂ ਵਹਾਉਂਦੀ, ਗੁਜ਼ਰੇ ਵੇਲਿਆਂ ਨੂੰ ਯਾਦ ਕਰਦੀ ਨੇ ਰਾਤ ਲੰਘਾ ਲਈ। ਮੀਂਹ ਰਾਤ ਹੀ ਹੱਟ ਗਿਆ ਸੀ। ਸਵੇਰ ਦੇ ਕਰੀਬ ਸਾਢੇ ਚਾਰ-ਪੰਜ ਵਜੇ ਹੀ ਉਹ ਉੱਠੀ ਤੇ ਆਪਣੇ ਲੀੜੇ-ਲੱਤੇ ਝੋਲੇ ਵਿੱਚ ਪਾਏ। ਆਪਣਾ ਫੋਨ ਦੇਖਿਆ ਜੋ ਅਜੇ ਵੀ ਬੰਦ ਸੀ, ਉਸਨੇ ਚਾਲੂ ਕਰਨ ਦੀ ਕੋਸ਼ਿਸ਼ ਕੀਤੀ ਪਰ ਚਾਲੂ ਨਾ ਹੋਇਆ। ਉਸਨੇ ਫੋਨ ਨੂੰ ਲੀੜਿਆਂ ਵਿੱਚ ਹੀ ਲਵੇਟ ਝੋਲੇ ਵਿੱਚ ਪਾ ਦਿੱਤਾ। ਮੂੰਹ-ਹੱਥ ਧੋ ਬੱਚੇ ਨੂੰ ਉਠਾਇਆ। ਆਦਮੀ ਅਜੇ ਸੌਂ ਰਿਹਾ ਸੀ। ਮਨਦੀਪ ਨੇ ਬਿਨਾਂ ਕੁਝ ਬੋਲੇ ਆਦਮੀ ਨੂੰ ਹਿਲਾਇਆ। ਆਦਮੀ ਅਚਨਚੇਤ ਹੋ ਉੱਠਿਆ। ਮਨਦੀਪ ਬੋਲੀ..

ਮੈਂ ਚੱਲਦੀ ਹਾਂ, ਧੰਨਵਾਦ ਤੁਹਾਡਾ ਜੋ ਡਰਾਵਨੀ ਰਾਤ ਲੰਘਾ ਦਿੱਤੀ।

ਆਦਮੀ ਬੋਲਿਆ..

ਆਪ ਨੇ ਤਾਂ ਕੁਝ ਖਾਧਾ-ਪੀਤਾ ਵੀ ਨਹੀਂ ਹੋਣਾ। ਮੈਂ ਛੱਡ ਆਉਂਦਾ ਹਾਂ ਕੁਝ ਨੇੜੇ-ਤੇੜੇ।

ਮਨਦੀਪ ਬੋਲੀ..

ਨਹੀਂ ਜੀ, ਸ਼ੁਕਰੀਆ। ਮੈਂ ਚਲੀ ਜਾਂਵਾਂਗੀ।

ਏਨਾ ਆਖ ਮਨਦੀਪ ਨੇ ਬੱਚੇ ਤੇ ਸਮਾਨ ਵਾਲੇ ਝੋਲੇ ਨੂੰ ਚੁੱਕਿਆ ਤੇ ਘਰ ਤੋਂ ਬਾਹਰ ਆ ਗਈ। ਬੱਚੇ ਨੂੰ ਮੁੜ ਲੱਕ ਨਾਲ ਬੰਨ੍ਹ ਤੇ ਸਮਾਨ ਸਿਰ ਤੇ ਰੱਖ ਆਪਣੀ ਮੰਜ਼ਿਲ ਵੱਲ ਰੁੱਖ ਕੀਤਾ। ਫਿਰ ਰੁਕੀ ਨਾ ਬੱਸ ਚੱਲਦੀ ਗਈ। ਜਦੋਂ ਤਰਖਾਣ ਮਾਝਰੇ ਦੇ ਨੇੜੇ ਪਹੁੰਚੀ ਤਾਂ ਇੱਕ ਭੂੰਡ ਆਉਂਦਾ ਨਜ਼ਰ ਆਇਆ। ਮਨਦੀਪ ਨੇ ਹੱਥ ਦਿੱਤਾ ਤਾਂ ਉਹ ਰੁਕ ਗਿਆ। ਉਸ ਵਿੱਚ ਹੌਲੀਆਂ-ਹੌਲੀਆਂ ਉਮਰਾਂ ਦੇ ਤਿੰਨ ਚਾਰ ਮੁੰਡੇ ਸਨ। ਉਸ ਨੇ ਪੁੱਛਿਆ ਤਾਂ ਪਤਾ ਲੱਗਾ ਕਿ ਉਹ ਨਕੋਦਰ ਜਾ ਰਹੇ ਨੇ। ਉਸ ਦਿਨ ਵੀਰਵਾਰ ਸੀ। ਉਹ ਬਾਬਾ ਮੁਰਾਦ ਸ਼ਾਹ ਦੀ ਦਰਗਾਹ ਤੇ ਮੱਥਾ ਟੇਕਣ ਜਾ ਰਹੇ ਸਨ। ਮਨਦੀਪ ਉਹਨਾਂ ਨਾਲ ਬੈਠ ਗਈ। ਮੁੰਡਿਆਂ ਦੇ ਹਾਸੇ-ਡਿੱਠੇ ਨੂੰ ਸੁਣਦੇ

ਉਹ ਦੱਸ ਵਜੇ ਤੱਕ ਨਕੋਦਰ ਪਹੁੰਚ ਗਈ। ਉਸਨੇ ਵੀ ਦਰਗਾਹ ਤੇ ਨਮਸ਼ਕਾਰ ਕੀਤੀ ਤੇ ਲੰਗਰ ਛਕਿਆ। ਕੁਝ ਦੇਰ ਆਰਾਮ ਕਰਨ ਪਿੱਛੋਂ ਉਹ ਫਿਰ ਆਪਣੇ ਰਾਹ ਨੂੰ ਤੁਰ ਪਈ। ਥੱਕਦੀ-ਟੁੱਟਦੀ, ਡਿੱਗਦੀ ਢਹਿੰਦੀ, ਸਾਹ ਲੈਂਦੀ, ਉਹ ਰਾਤ ਅੱਠ ਵਜੇ ਦੇ ਕਰੀਬ ਕਪੂਰਥਲੇ ਪਹੁੰਚ ਗਈ। ਉਸਨੂੰ ਘਰ ਦੀ ਪਹਿਚਾਣ ਸੀ। ਉਹ ਘਰ ਪਹੁੰਚ ਗਈ। ਇਹ ਉਸਦਾ ਆਪਣਾ ਘਰ ਸੀ। ਬੂਹੇ ਤੇ ਪਹੁੰਚ ਉਸਨੇ ਘੰਟੀ ਵਜਾਈ। ਇੱਕ ਜਵਾਨ ਕੁੜੀ ਤੇ ਮੁੰਡਾ ਭੱਜੇ ਆਏ। ਸ਼ਾਇਦ ਉਹਨਾਂ ਨੂੰ ਮਨਦੀਪ ਦੇ ਘਰ ਪਹੁੰਚਣ ਦਾ ਅਹਿਸਾਸ ਹੋ ਗਿਆ ਸੀ। ਕੁੜੀ ਨੇ ਬੂਹਾ ਖੋਲਦੇ ਸਾਰ ਹੀ ਮਨਦੀਪ ਨੂੰ ਘੁੱਟ ਕੇ ਗਲ ਲਾ ਲਿਆ। ਮਨਦੀਪ ਦੇ ਸਮਾਨ ਵਾਲਾ ਝੋਲਾ ਹੇਠਾਂ ਡਿੱਗ ਪਿਆ। ਦੋਨੋਂ ਜਾਣੀਆਂ ਰੋਣ ਲੱਗ ਪਈਆਂ। ਕੋਲ ਹੀ ਖੜਾ ਮੁੰਡਾ ਵੀ ਉਹਨਾਂ ਦੋਨਾਂ ਨੂੰ ਰੋਂਦਾ ਦੇਖ ਰੋਣ ਲੱਗਾ। ਉਹ ਇੱਕ ਦੂਜੇ ਤੋਂ ਵੱਖ ਹੋਈਆਂ ਹੀ ਸੀ ਕਿ ਮੁੰਡਾ ਮਨਦੀਪ ਦੇ ਗਲ ਲੱਗ ਰੋਣ ਲੱਗਾ। ਮਨਦੀਪ ਮੁੰਡੇ ਵੱਲ ਵੇਖਦੀ ਉਸਦੇ ਅੱਥਰੂ ਆਪਣੇ ਹੱਥਾਂ ਨਾਲ ਸਾਫ਼ ਕਰਦੀ ਹੋਈ ਪਿਆਰ ਨਾਲ ਪੁਚਕਾਰ ਰਹੀ ਸੀ। ਇਹ ਮਨਦੀਪ ਦੇ ਛੋਟੇ ਭੈਣ ਭਰਾ ਸਨ। ਏਨੇ ਨੂੰ ਮਨਦੀਪ ਦਾ ਪਿਉ ਤੇ ਮਾਂ ਵੀ ਬਾਹਰ ਆ ਗਏ। ਮਨਦੀਪ ਨੂੰ ਦੇਖ ਉਸਦੀ ਮਾਂ ਦੂਰੋਂ ਹੀ ਰੋਂਦੀ ਹੋਈ ਆਈ ਤੇ ਉਸਦੇ ਗਲ ਲੱਗ ਹੋਰ ਉੱਚੀ-ਉੱਚੀ ਰੋਣ ਲੱਗੀ। ਪਿਉ ਵੀ ਰੋ ਰਿਹਾ ਸੀ ਪਰ ਉਹ ਉਸ ਵੱਲ ਨਾ ਵਧਿਆ। ਮਨਦੀਪ ਆਪਣੇ ਪਿਉ ਵੱਲ ਗਈ ਤੇ ਘੁੱਟ ਕੇ ਗਲ ਨਾਲ ਲਾ ਲਿਆ। ਸਾਰਾ ਟੱਬਰ ਰੋ ਰਿਹਾ ਸੀ। ਮਨਦੀਪ ਦੇ ਅੱਥਰੂ ਬਿਆਨ ਕਰ ਰਹੇ ਸਨ ਕਿ ਉਹ ਆਪਣੇ ਘਰ ਆ ਕਿੰਨੀ ਖੁਸ਼ ਸੀ। ਡਿੱਗਦੇ-ਢਹਿੰਦੇ, ਸੱਟਾਂ ਖਾਂਦੇ, ਹਨੇਰੀਆਂ-ਝੱਖੜ ਝੱਲਦੇ, ਮਨਦੀਪ ਆਪਣੇ ਘਰ ਆ ਪਹੁੰਚੀ ਸੀ।

ਅਕਸਰ ਮਜਬੂਰੀਆਂ ਤੇ ਕੁਝ ਫੈਸਲੇ ਇਨਸਾਨ ਨੂੰ ਆਪਣਿਆਂ ਤੋਂ ਵੱਖ ਕਰ ਦਿੰਦੇ ਨੇ। ਪਰ ਵਕਤ ਤੇ ਹਾਲਾਤ ਇਨਸਾਨ ਨੂੰ ਮੁੜ-ਮੁੜ ਉਹਨਾਂ ਫੈਸਲਿਆਂ ਨੂੰ ਬਦਲਣ, ਠੀਕ ਕਰਨ ਤੇ ਮਜਬੂਰੀਆਂ ਨੂੰ ਸੁਖੀ ਜੀਵਨ ਵੱਲ ਵਧਾਉਣ ਦਾ ਮੌਕਾ ਦਿੰਦੇ ਹਨ। ਮਨਦੀਪ ਦੀ ਜਿੰਦਗੀ ਵਿੱਚ ਵੀ ਕੁਝ ਐਸੀਆਂ ਘਟਨਾਵਾਂ ਵਾਪਰੀਆਂ ਜਿੰਨਾਂ ਨੇ ਉਸਦੀ ਜੀਵਨ ਸ਼ੈਲੀ ਬਦਲ ਦਿੱਤੀ। ਪਰ ਮਨਦੀਪ ਹਾਰੀ ਨਹੀਂ ਤੇ ਡਟ ਕੇ ਮੁਸੀਬਤਾਂ ਦਾ ਸਾਹਮਣਾ ਕੀਤਾ। ਭਾਵੇਂ ਹਾਲਾਤ ਕਿੰਨੇ ਵੀ ਮਾੜੇ ਜਾਂ ਉਸਦੇ ਵੱਸ ਤੋਂ ਬਾਹਰ ਸਨ ਪਰ ਉਹ ਡੋਲੀ ਨਹੀਂ। ਐਨੇ ਲੰਮੇ ਪੈਂਡੇ ਨੂੰ ਇਕੱਲੀ ਔਰਤ ਲਈ ਉਹ ਵੀ ਪੈਦਲ ਤਹਿ ਕਰਨਾ ਸੌਖੀ ਗੱਲ ਨਹੀਂ। ਇਸ ਬਾਰੇ ਗੱਲ ਕਰਨਾ ਜਾਂ ਲਿਖਣਾ ਆਸਾਨ ਹੈ ਪਰ ਇਸ ਨੂੰ ਤਨ ਤੇ ਹੰਢਾਉਣਾ ਉਨਾਂ ਹੀ ਕਠਿਨ ਹੈ ਜਿੰਨਾਂ ਮਘਦੇ ਕੋਲਿਆਂ 'ਤੇ ਤੁਰਨਾ। ਇਹ ਕਹਾਣੀ ਕਾਫੀ ਹੱਦ ਤੱਕ ਮੇਰੀ ਲਿਖਤ ਜਰੂਰ ਹੈ। ਪਰ ਇਸ ਵਿਚਲੇ ਸ਼ੁਰੂਆਤੀ ਸੁਪਨੇ ਮੇਰੀ ਇੱਕ ਦੋਸਤ ਨੀਲ ਦੇ ਸੁਪਨੇ ਨੇ। ਉਸਨੇ ਆਪਣੇ ਇਸ ਸੁਪਨੇ ਬਾਰੇ ਮੈਨੂੰ ਦੱਸਿਆ ਤੇ ਮੈਂ ਉਸ ਤੋਂ ਇਜ਼ਾਜਤ ਲੈ ਇਹਨਾਂ ਨੂੰ ਇੱਕ ਕਹਾਣੀ ਦਾ ਰੂਪ ਦੇਣ ਬਾਰੇ ਸੋਚਿਆ।

ਇਹ ਕਹਾਣੀ ਸਿਰਫ ਮਨਦੀਪ ਦੀ ਨਹੀਂ ਹੈ। ਇਹ ਕਹਾਣੀ ਅੱਜ ਹਰ ਇੱਕ ਪਰਵਾਸੀ ਦੀ ਹੈ, ਜੋ ਭੁੱਖੇ-ਧਿਆਏ ਪੈਦਲ ਹੀ ਆਪਣੇ ਘਰਾਂ ਨੂੰ ਪਰਤਣ ਦੀ ਜੱਦੋ-ਜਹਿਤ ਕਰ ਰਹੇ ਹਨ। ਕੋਈ ਸੋਚ ਨਹੀਂ ਸਕਦਾ ਕਿ ਉਹ ਇਸ ਸਫ਼ਰ ਦੌਰਾਨ ਕੀ-ਕੀ ਤਸੀਹੇ ਝੱਲ ਰਹੇ ਹੋਣਗੇ। ਆਪਾ ਬੰਦ ਕਮਰਿਆਂ ਵਿੱਚ ਬੈਠ ਇਸ ਵਕਤ

www.punjabilibrary.com

ਇਹਨਾਂ ਬਾਰੇ ਪੜ ਰਹੇ ਹਾਂ, ਲਿੱਖ ਰਹੇ ਜਾਂ ਫਿਰ ਖ਼ਬਰਾਂ ਸੁਣ ਰਹੇ ਹਾਂ। ਪਰ ਕੋਈ ਇਸ ਵਕਤ ਰੋਟੀ ਦੀ ਭਾਲ ਕਰ ਰਿਹਾ ਹੋਵੇਗਾ,ਕੋਈ ਆਪਣੇ ਘਰ ਨੂੰ ਪਰਤਣ ਵਾਲੇ ਰਾਹ ਤੇ ਹੋਵੇਗਾ,ਕੋਈ ਬੁਰੇ ਵਕਤ ਨੂੰ ਕੱਟਣ ਲਈ ਹੱਥ ਫੈਲਾ ਰਿਹਾ ਹੋਵੇਗਾ ਜਾਂ ਨਵੇਂ, ਸਖ਼ਤ ਤੇ ਲੰਮੇ ਸਫ਼ਰ ਦੀ ਤਿਆਰੀ 'ਚ ਮਸ਼ਰੂਫ ਹੋਵੇਗਾ। ਹਾਲਾਤ ਬਣਨੇ ਸਾਡੇ ਵੱਸ ਵਿੱਚ ਨਹੀਂ। ਇਹ ਵਕਤ ਦਾ ਤਕਾਜਾ ਹੁੰਦੇ ਹਨ। ਵਕਤ ਹੋਣ ਤੇ ਬਦਲਦੇ ਹਨ। ਪਰ ਅਗਰ ਇਹੋ ਜਿਹੇ ਪਰਵਾਸੀ ਜਾਂ ਰਾਹਗੀਰ ਸਾਨੂੰ ਮਿਲਣ ਤਾਂ ਉਹਨਾਂ ਨੂੰ ਹੌਂਸਲਾ ਤੇ ਸਹਾਰਾ ਦੇਣ ਦੀ ਲੋੜ ਹੈ ਤਾਂ ਜੋ ਉਹ ਥੱਕੇ ਟੁੱਟ ਵੀ ਆਪਣੀ ਮੰਜ਼ਿਲ ਵੱਲ ਖੁਸ਼ੀ-ਖੁਸ਼ੀ ਵਧਦੇ ਜਾਣ। ਉਹਨਾਂ ਦੀਆਂ ਮਜਬੂਰੀਆਂ ਦਾ ਫਾਇਦਾ ਨਹੀਂ ਚੁੱਕਣਾ ਚਾਹੀਦਾ ਜਿਵੇਂ ਕਿ ਉਸ ਆਦਮੀ ਨੇ ਮਨਦੀਪ ਨਾਲ ਕਰਨ ਦੀ ਕੋਸ਼ਿਸ਼ ਕੀਤੀ। ਅਸੀਂ ਹੋਰ ਤਾਂ ਕੁਝ ਨਹੀਂ ਕਰ ਸਕਦੇ ਪਰ ਲੋਕਾਂ ਦੀਆਂ ਮਜਬੂਰੀਆਂ ਤੇ ਹਾਲਾਤਾਂ ਨੂੰ ਸਮਝ ਆਪਣੀ ਸੋਚ ਵਿੱਚ ਬਦਲਾਵ ਜਰੂਰ ਲਿਆ ਸਕਦੇ ਹਾਂ। ਨਹੀਂ ਤਾਂ ਕਹਾਣੀਆਂ ਸਿਰਫ ਭੂਤਕਾਲ ਤੱਕ ਸੀਮਤ ਰਹਿਣਗੀਆਂ। ਅਗਰ ਉਹ ਸਾਡੀ ਸੋਚ ਤੱਕ ਨਾ ਪਹੁੰਚੀਆਂ। ਧੰਨਵਾਦ।

**ਪ੍ਰੀਤ ਸਿੰਘ ਭੈਣੀ**

**+91 9779324826**

**(ਇਸ ਕਹਾਣੀ ਤੇ ਆਪਣੀ ਰਾਇ ਦੇਣ ਲਈ ਜਾਂ ਮੇਰੀਆਂ ਹੋਰ ਲਿਖ਼ਤਾਂ ਪੜਨ ਲਈ ਤੁਸੀਂ ਫੋਨ ਜਾਂ ਵੱਟਸਐੱਪ ਕਰ ਸਕਦੇ ਹੋ।)**

Instagram

**@preet_di_shayari**

**E-mail**

**preetdishayari@gmail.com**

**To read more stories from Preet Singh Bhaini go to the link below**
**http://punjabilibrary.com/authors/preet-singh- bhaini/**

**www.punjabilibrary.com**